# ਵਤਨੋਂ ਦੂਰ

WATNO DUR
JULY/AUG. 1981.
P.O.BOX. 67681 Stn.O.
VANCOUVER,B.C.V5W3V2.



"ONE-STOP" GROCERY CENTRE

# Victoria Food Centre

## FIGURE ON SAVINGS

WHEN YOU FOOD SHOP HERE

**FRESH**

*Vegetables from Fiji*
*Every Week*

*SPECIAL SHIPMENT*
*JUST ARRIVED*

**LARGE VARIETY OF**
**RECORDS & 8-TRACKS**

SPECIAL OFFER:

**ALL SIZES**
**HEAVY-**
**BOTTOM**
**PATILAS**

ਹਰ ਸਾਈਜ਼ ਦੇ ਭਾਰੇ ਥੱਲੇ
ਵਾਲੇ ਪਤੀਲੇ ਦੀ ਸੇਲ

**CLEANLINESS**
**LOWEST PRICES — PURE & FRESH**
**QUALITY GROCERY ITEMS**

**5380 VICTORIA DRIVE [AT 38TH]**
**VANCOUVER**
**PH: 325-2933**

LITERARY & CULTURAL
BI-MONTHLY OF PANJABI

# THE WATNO DŪR

P.O.Box 67681 Stn.'O'
Vancouver, B.C. V5W 3V2

ਪੰਜਾਬੀ ਦਾ ਸਾਹਿਤਕ ਤੇ
ਸੱਭਿਆਚਾਰਕ ਦੋ ਮਾਸਕ - ਪੱਤਰ

# ਵਤਨੋਂ ਦੂਰ

P.O.Box 67681 Stn.'O'
Vancouver, B.C. V5W 3V2

| | | |
|---|---|---|
| 2nd Class Mail Reg. No. 3233 ANNUAL SUBSCRIPTION: Canada-U.S.A. $8.00 Other Countries SEA $8.00 AIR $9.00 | VOL. 9 NO. 87 JUL./AUG 1981 | *All officeholders and members of WATNO DUR PUBLICATIONS (Reg'd.) past and present have been and are honorary associates of WATNO DUR.* |

**EDITOR:**
Sadhu, 437-9014

**ASSISTANT EDITOR:**
Sukhwant Hundal, 321-9221

CIRCULATION EDITORS
Amarjit Chahal, 581-0406
Inderjit Rode, 430-1538

**ADVERTISING AND MANAGING EDITOR:**
Paul Binning, 879-3339

**ADVISER:**
Ajmer Rodey, 438-7793
Surinder Dhanjal, (403)-539-9614

**WATNO DUR REPRESENTATIVES:**
Raghbir Mand, 325-9564 Vancouver
Iqbal Ramuwalia, WATERLOO
Gill Avtar, Sherwood Park, Alta. (464-3851)
Dave Jatana, Prince Rupert 627-7209
Harnek Mann, Pr. George (564-6245)
J. S. Aulakh, Mission (826-4888)
Avtar Rodey, Quesnel (992-7578)
Tej Sandhu, Quesnel (992-6775)
Satwant Deepak, Edmonton 484-6423
Kashmira Singh Chaman, Calgary (248-2841)
Jagdev S. Jatana, Fort Nelson (774-6308)

Surinder Kailav
9-D, Sarabha Nagar
Ludhiana 141001
Punjab, India

Jasbir Bath
19 Summertrees Ave. L4920D
Greasby Merseyside
Liverpool, England

## ਇਸ ਅੰਕ ਵਿੱਚ

ਕਹਾਣੀ - ਸਾਧੂ, ਸੰਤੋਖ ਸਿੰਘ M.A.
ਲੇਖ - ਗੁਰਬਖਸ਼ ਗੱਸ, ਸੁਖਿੰਦਰ
ਕਵਿਤਾਵਾਂ - ਹਰਵਰਵੀਰ ਲੋਹਟਵਾਈ, ਸਰਵਣ ਸਿੰਘ ਅਜੀਤਗੜ੍ਹ, ਮਹਿੰਦਰ ਰਹੀ, ਪਰਮਪਾਲ-ਦਾਸੀ, ਸੁਖਿੰਦਰ, ਰਜਿੰਦਰ ਦਸਮਿੰਦਰ, ਨਾਜਰ ਸਿੰਘ ਤਰਸ.
ਇੰਟਰਵਿਊ - ਸਾਧੂ, ਸੁਖਵੰਤ ਹੁੰਦਲ
ਸਥਾਈ ਕਾਲਮ - ਦੂਰੋਂ ਨੇੜਿਓਂ
ਰੀਵਿਊ — ਅਜਮੇਰ ਔਲਖ, ਸਾਟ ਚਿੱਤਰ ਅਵਤਾਰ ਗਿੱਲ
ਰਿਪੋਰਟ - ਸਾਧੂ, ਸਾਟ ਚਿੱਤਰ, ਸਤਵੰਤ ਦੀਪਕ ਕੁਲਵੰਤ ਸਰੋਤਾ

ਵਤਨੋਂ ਦੂਰ ਵਿਚ ਛੱਪੀਆਂ ਰਚਨਾਵਾਂ ਨਾਲ ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ; ਵਿਚਾਰ ਲੇਖਕਾਂ ਦੇ ਆਪਣੇ ਨਿੱਜੀ ਹਨ।

ਮੁੱਖ ਚਿੱਤਰ - ਭਾਰਤ ਦੀ ਆਜ਼ਾਦੀ ਦੀ ਮੂੰਹੋਂ ਬੋਲਦੀ ਤਸਵੀਰ

# ਐਡੀਟੋਰੀਅਲ

ਪਿਛੇ ਜਿਹੇ ਪੰਜਾਬੀ ਦੇ ਕਵੀ ਸੁਰਜੀਤ ਪਾਤਰ ਦਾ ਗੁਰਭਜਨ ਗਿੱਲ ਦੁਆਰਾ ਲਿਖਿਆ ਰੇਖਾ ਚਿੱਤਰ ਪੜ੍ਹਨ ਨੂੰ ਮਿਲਿਆ। ਉਸ ਵਿਚ ਕੈਨੇਡਾ ਦੇ ਨੇਟਿਵ ਲੋਕਾਂ ਦੇ ਹੀ ਨਹੀਂ, ਆਮ ਲੋਕਾਂ ਦੇ ਮਹਿਬੂਬ ਕਲਾਕਾਰ ਤੇ ਸਮਾਜਕ ਆਗੂ ਚੀਫ਼ ਡੈਨ ਜਾਰਜ ਬਾਰੇ ਪਾਤਰ ਦੇ ਮੂੰਹੋਂ ਇਕ ਬੜੀ ਬੇਮਤਲਬ ਤੇ ਬੇਹੂਦਾ ਕਿਸਮ ਦੀ ਗੱਲ ਕੀਤੀ ਦੱਸੀ ਗਈ ਹੈ। ਚੀਫ਼ ਡੈਨ ਜਾਰਜ ਦੀਆਂ ਕਵਿਤਾਵਾਂ ਦੀ ਪੰਜਾਬੀ ਵਿਚ ਅਨੁਵਾਦ ਹੋ ਕੇ ਛਪੀ ਪੁਸਤਕ ਬਾਰੇ ਗੁਰਭਜਨ ਨੇ ਪਾਤਰ ਨਾਲ ਕੋਈ ਗੱਲ ਕੀਤੀ ਤਾਂ ਅੱਗੋਂ ਉਹਨੇ ਜਵਾਬ ਵਿਚ ਕਿਹਾ "ਕੀ ਚੀਫ਼ ਅੱਗਾ ਇੰਜ਼ਾਰਨ ਕੋਈ ਨਵੀਂ ਆਇਤ ਹੈ"? ਇਸ ਜਵਾਬ ਦੇ ਨਾਲ ਹੀ ਗੁਰਭਜਨ ਨੇ ਬੜੇ ਮਾਣ ਨਾਲ ਲਿਖਿਆ ਹੈ "ਪਾਤਰ ਨੂੰ ਗੱਲ ਫੁਰਦੀ ਹੈ"। ਇਹ ਠੀਕ ਹੈ ਕਿ ਪਾਤਰ ਨੂੰ ਕੈਨੇਡਾ ਦੇ ਨੇਟਿਵ ਲੋਕਾਂ ਬਾਰੇ, ਉਹਨਾਂ ਨਾਲ ਹੋਈਆਂ ਤੇ ਹੋ ਰਹੀਆਂ ਵਧੀਕੀਆਂ ਬਾਰੇ, ਉਹਨਾਂ ਦੇ ਬਲਦੇ ਮਸਲਿਆਂ ਬਾਰੇ, ਜਾਂ ਚੀਫ਼ ਡੈਨ ਜਾਰਜ ਦੀ ਸ਼ਖ਼ਸੀਅਤ ਬਾਰੇ ਕੁੱਝ ਪਤਾ ਨਹੀਂ ਤੇ ਉਹਨੇ ਇਹ ਗੱਲ ਬਿਨਾਂ ਸੋਚੇ ਸਮਝੇ ਕਹੀ ਹੈ। ਪਾਤਰ ਨਾਲੋਂ ਸ਼ਾਇਦ ਗੁਰਭਜਨ ਦਾ ਇਸ ਵਿਚ ਜ਼ਿਆਦਾ ਕਸੂਰ ਹੈ ਕਿਉਂਕਿ ਉਹਨੇ ਇਸ ਗੱਲ ਨੂੰ ਸਿਫਤੀ ਰੂਪ ਵਿਚ ਮਾਣ ਨਾਲ ਪੇਸ਼ ਕੀਤਾ ਹੈ। ਜੇ ਸਾਨੂੰ ਸੁਰਜੀਤ ਪਾਤਰ ਬਾਰੇ ਕਿਸੇ ਦੀ ਕਹੀ ਇਸ ਕਿਸਮ ਦੀ ਭੱਦੀ ਗੱਲ ਦਾ ਪਤਾ ਲੱਗੇ ਤਾਂ ਜ਼ਰੂਰ ਸਾਡੇ ਮਨ ਨੂੰ ਦੁੱਖ ਹੋਵੇਗਾ ਤੇ ਗੁੱਸਾ ਆਵੇਗਾ, ਇਸੇ ਤਰ੍ਹਾਂ ਚੀਫ਼ ਡੈਨ ਜਾਰਜ ਬਾਰੇ ਕੀਤੀ ਇਹ ਬਕਵਾਸ ਵਰਗੀ ਟਿਪਣੀ, ਭਾਵੇਂ ਉਹ ਪਾਤਰ ਨੇ ਹੀ ਕੀਤੀ ਹੈ, ਸਾਨੂੰ ਏਸ ਦਾ ਦੁੱਖ ਹੋਇਆ ਹੈ। ਚੀਫ਼ ਡੈਨ ਜਾਰਜ ਦੀ ਸੌ ਸਾਲ ਦੇ ਨੇੜੇ ਉਮਰ ਹੋਵੇਗੀ ਤੇ ਉਹਨੇ ਯੂਰਪੀਅਨ ਸਭਿਅਤਾ ਸਾਹਮਣੇ ਲੱਗ ਭੱਗ ਦਮ ਤੋੜ ਗਏ ਨੇਟਿਵ ਲੋਕਾਂ ਦੇ ਸਭਿਆਚਾਰ ਨੂੰ ਮੁੜ ਸੁਰਜੀਤ ਕਰਨ ਲਈ ਬਹੁਤ ਵੱਡਾ ਹਿੱਸਾ ਪਾਇਆ ਹੈ। ਉਹ ਇਕ ਸਫਲ ਫਿਲਮ-ਅਭਿਨੇਤਾ ਸੀ ਜਿਹਨੇ ਹਾਲੀਵੁੱਡ 'ਚ ਬਣਦੀਆਂ ਫਿਲਮਾਂ ਵਿਚ ਨੇਟਿਵ ਪਾਤਰਾਂ ਦਾ ਅਭਿਨੈ ਕਰਕੇ ਨੇਟਿਵ ਲੋਕਾਂ ਪ੍ਰਤੀ ਇਕ ਨਵੀਂ ਦਿੱਖ ਸਿਰਜੀ ਹੈ। ਉਹ ਇਕ ਸੁਹਣਾ ਸ਼ਾਇਰ ਹੈ ਤੇ ਇਸ ਤੋਂ ਵੀ ਵੱਧ ਉਹਦੇ ਮਨ ਵਿਚ ਉਹਦੇ ਆਪਣੇ ਲੋਕਾਂ ਤੇ ਆਪਣੇ ਸਭਿਆਚਾਰ ਲਈ ਬੇਤਹਾਸ਼ਾ ਪਿਆਰ ਹੈ। ਕੈਨੇਡਾ ਨੇ ਜਦੋਂ 1967 ਵਿਚ ਆਪਣਾ ਸੌਵਾਂ ਜਨਮ-ਦਿਨ ਮਨਾਇਆ ਤਾਂ ਚੀਫ਼ ਡੈਨ ਜਾਰਜ ਨੇ ਨੇਟਿਵ ਲੋਕਾਂ ਵਲੋਂ ਇਕ ਸੁਨੇਹਾ ਕੈਨੇਡਾ ਦੇ ਲੋਕਾਂ ਤੱਕ ਪਹੁੰਚਾਇਆ ਸੀ; ਉਹ ਜੇ ਅੱਜ ਵੀ ਪੜ੍ਹਿਆ ਜਾਵੇ ਤਾਂ ਚੀਫ਼ ਡੈਨ ਜਾਰਜ ਨੂੰ ਕੋਈ "ਨਵੀਂ ਚੀਫ਼ ਅੱਗਾ ਇੰਜ਼ਾਰਨ ਆਇਤ" ਕਹਿਣ ਦੀ ਬੇਹੂਦਗੀ ਨਹੀਂ ਕਰ ਸਕਦਾ। ਪਾਤਰ ਦੀਆਂ ਗਜ਼ਲਾਂ ਕੈਨੇਡਾ ਦੇ ਪੰਜਾਬੀਆਂ ਵਲੋਂ ਸ਼ਾਇਦ ਕਿਸੇ ਦੇ ਗਾਇਕਾਂ ਨਾਲੋਂ ਵੀ ਜ਼ਿਆਦਾ ਗਾਈਆਂ ਗਵਾਈਆਂ ਜਾਂਦੀਆਂ ਹੋਣ ਤੇ ਉਹਦੇ ਲਈ ਸਾਡੇ ਦਿਲ ਵਿਚ ਅੰਤਾਂ ਦਾ ਮੋਹ ਹੈ। ਅਸੀਂ ਪਾਤਰ ਤੇ ਗੁਰਭਜਨ ਦੋਹਾਂ ਨੂੰ ਸੁਝਾਅ ਦੇਵਾਂਗੇ ਕਿ ਇਹੋ ਜਿਹੀਆਂ ਬੇਹੂਦਾ ਗੱਲਾਂ ਕਰਨ ਤੇ ਲਿਖਣ ਤੋਂ ਸੰਕੋਚ ਕਰਨਾ ਚਾਹੀਦਾ ਹੈ।

—ਸਾਧੂ

ਵਤਨੋਂ ਦੂਰ

ਵਤਨੋਂ ਦੂਰ
P.O. BOX 67681 STN. "O"
VANCOUVER, B.C. V5W 3V2

ਸ੍ਰੀ ਮਾਨ ਜੀ
* ਮੈਂ ੬ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਹੇਠ ਲਿਖੇ ਪਤੇ ਤੇ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਉ।
* ਮੈਂ ੮ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਉਤਰੀ ਅਮਰੀਕਾ ਤੋਂ ਬਾਹਰ ਮੇਰੇ ਸਨੇਹੀ ਨੂੰ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ।

\- - - - - - - - - - - -

\- - - - - - - - - -

\- - - - - - - - -

\- - - - - - -

ਜਦੋਂ ਤੁਹਾਡਾ ਪਤਾ ਬਦਲੇ

ਕਿਰਪਾ ਕਰਕੇ ਆਪਣਾ:
i). ਨਵਾਂ ਪਤਾ
ii) ਫਿੱਟ ਨੰਬਰ
iii) ਪੋਸਟਲ ਕੋਡ ਨੰਬਰ
iv) ਟੈਲੀਫ਼ੋਨ ਨੰਬਰ
ਸਾਨੂੰ ਭੇਜੋ।

ਸਥਾਈ ਕਾਲਮ

ਨੋੜਉ

# ਅਮਰੀਕੀ ਸਮਾਜ ਦਾ ਕੋਹੜ - ਸਾਧੂ

ਅਮਰੀਕਾ ਦੀ ਆਰਥਿਕਤਾ ਤੇ ਉਸ ਉਪਰ ਉਸਰੇ ਸਮਾਜਿਕ ਢਾਂਚੇ ਦਾ ਕੋਹੜ ਇਥੋਂ ਤਕ ਫੈਲ ਗਿਆ ਹੈ। ਜੀਵਨ ਦੀਆਂ ਸਾਰੀਆਂ ਕਦਰਾਂ ਕੀਮਤਾਂ ਦਾ ਮਿਣਤ ਤੇ ਮਿਆਰ ਸਿਰਫ ਪੈਸੇ ਨਾਲ ਹੈ। ਸਰਮਾਏਦਾਰੀ ਨੇ ਹਰ ਚੀਜ਼ ਨੂੰ, ਹਰ ਰਿਸ਼ਤੇ ਨੂੰ ਮੰਡੀ ਦੀ ਵਸਤ ਬਣਾ ਦਿੱਤਾ ਹੈ। ਇਸ ਢਾਂਚੇ ਦੀਆਂ ਕਦਰਾਂ ਕੀਮਤਾਂ ਮੁਤਾਬਕ ਹਰ ਇਕ ਦਾ ਮੁੱਲ ਇਹਦੇ ਪਾਸੇ ਹੈ - ਧਨ ਤੇ ਧਨ ਪੈਸੇ ਕਮਾਉਣ ਢੰਗ - ਤੇ ਜਿਸ ਪਾਸੇ ਧਨ ਨਹੀਂ, ਹਰ ਕਿਸੇ ਨੂੰ ਦੂਜੇ ਦਾ ਮੁਕਾਬਲਾ ਕਰਨਾ ਪੈਂਦਾ ਹੈ। ਕੁਦਰਤੀ ਹਰ ਕੋਈ ਤਾਂ ਅੱਗੇ ਵਧ ਨਹੀਂ ਸਕਦਾ। ਸਿਰਫ ਕੁਝ ਲੋਕ ਹੀ ਪੂਰੀ ਤਰ੍ਹਾਂ ਸਫਲ ਹੁੰਦੇ ਹਨ ਅਤੇ ਬਹੁਤੇ ਅਸਫਲ ਰਹਿੰਦੇ ਹਨ। ਕਿਸੇ ਦਾ ਸਫਲ ਜਾਂ ਅਸਫਲ ਹੋਣਾ ਬਹੁਤ ਸਾਰੀਆਂ ਚੀਜ਼ਾਂ ਤੇ ਨਿਰਭਰ ਕਰਦਾ ਹੈ। ਪਰ ਜੋ ਲੋਕ ਸਫਲ ਨਹੀਂ ਹੁੰਦੇ ਉਨ੍ਹਾਂ ਦੀ ਅਸਫਲਤਾ ਦਾ ਸਭ ਤੋਂ ਵੱਡਾ ਕਾਰਨ ਉਨ੍ਹਾਂ ਦੀ ਵਿਅਕਤੀਗਤ ਅਯੋਗਤਾ ਦੱਸਿਆ ਜਾਂਦਾ ਹੈ। ਇਹ ਭੁਲੇਖਾ (MYTH) ਕਿ ਕਿਸੇ ਦਾ ਸਫਲ ਜਾਂ ਅਸਫਲ ਹੋਣਾ ਸਿਰਫ ਉਹਦੇ ਆਪਣੇ ਆਪ ਤੇ ਨਿਰਭਰ ਹੈ, ਸਰਮਾਏਦਾਰੀ ਨਿਜ਼ਾਮ ਦੇ ਪੈਦਾ ਕੀਤੇ ਬਹੁਤ ਸਾਰੇ ਭੁਲੇਖਿਆਂ (MYTHS) ਵਿਚੋਂ ਇਕ ਹੈ। ਇਹ ਇਕ ਸਚਾਈ ਹੈ ਕਿ ਸੱਤਾਧਾਰੀ ਜਮਾਤ ਇਸ ਕਿਸਮ ਦੇ ਭੁਲੇਖਿਆਂ ਨੂੰ ਸੱਚ ਬਣਾ ਕੇ ਦੂਜੀਆਂ ਜਮਾਤਾਂ ਉਪਰ ਠੋਸਦੀ ਹੈ, ਪਰ ਇਹ ਕੰਮ ਇੰਨੀ ਚਲਾਕੀ ਨਾਲ ਕੀਤਾ ਜਾਂਦਾ ਹੈ ਕਿ ਇਸਦਾ ਛੇਤੇ ਕੀਤੇ ਪਤਾ ਨਹੀਂ ਲਗਦਾ। 'ਵੈਨਕੂਵਰ ਸਨ' (MONDAY JULY 27,1981 A-A10) ਵਿਚ ਕੁਈਨ ਵਿਮਲਿਕ ਦਾ ਲਿਖਿਆ ਇਕ ਲੇਖ ਇਸ ਕਿਸਮ ਦੀ ਇਕ ਬੜੀ ਵਧੀਆ ਮਿਸਾਲ ਹੈ।

ਇਸ ਲੇਖ ਮੁਤਾਬਕ ਅਮਰੀਕਾ ਵਿਚ ਇਸ ਸਮੇਂ ਅਠਾਰਾਂ ਸਾਲਾਂ ਤੋਂ ਪੈਂਤੀ ਸਾਲਾਂ ਤੱਕ ਦੀ ਉਮਰ ਦੇ ਲੋਕ ਭਾਰੀ ਗਿਣਤੀ ਵਿਚ ਦਿਮਾਗੀ ਤੌਰ 'ਤੇ ਬਿਮਾਰ ਹਨ। ਉਹ ਨਸ਼ਿਆਂ ਦੀ ਵਰਤੋਂ ਕਰਦੇ ਹਨ ਅਤੇ ਜੁਰਮ ਦੇ ਸ਼ਿਕਾਰ ਹੁੰਦੇ ਹਨ ਜਾਂ ਖੁਦ ਜੁਰਮ ਕਰਦੇ ਹਨ। ਇਹਨਾਂ ਵਿਚ ਖੁਦਕਸ਼ੀ ਦੀ ਦਰ ਦੂਜੇ ਲੋਕਾਂ ਨਾਲੋਂ 210 ਗੁਣਾ ਜਿਆਦਾ ਹੈ ਤੇ ਇਹ ਆਮ ਲੋਕਾਂ ਨਾਲੋਂ ਅੱਠ ਗੁਣਾ ਜਿਆਦਾ ਵਾਰੀ ਗ੍ਰਿਫਤਾਰ ਹੁੰਦੇ ਹਨ। ਪ੍ਰਧਾਨ ਰੀਗਨ ਦੇ ਗੋਲੀ ਮਾਰਨ ਵਾਲਾ ਜੌਹਨ ਹਿੰਕਲੀ ਤੇ ਗਾਇਕ ਜੌਹਨ ਲੈਨਿਨ ਨੂੰ ਗੋਲੀ ਮਾਰਕੇ ਮਾਰਨ ਵਾਲਾ ਮਾਰਕ ਡੇਵਿਡ ਚੈਪਮੈਨ ਦੋਵੇਂ ਇਸੇ ਦਾਇਰੇ ਦੇ ਲੋਕਾਂ ਵਿਚੋਂ ਸਨ।

ਵਿਮਲਿਕ ਲਿਖਦਾ ਹੈ ਕਿ ਜਦੋਂ ਏਸ ਉਮਰ ਦੇ ਮੁੰਡੇ ਕੁੜੀਆਂ ਸਕੂਲਾਂ ਵਿਚ ਡਿਗਰੀਆਂ ਪ੍ਰਾਪਤ ਕਰ ਰਹੇ ਹਨ, ਵਕੀਲ ਬਣ ਰਹੇ ਹਨ, ਵਿਆਹ ਕਰਾ ਰਹੇ ਹਨ, ਘਰ ਬਣਾ ਰਹੇ ਹਨ, ਤਾਂ ਇਹ ਉਸਦੇ ਜਿਹੇ ਲੋਕ ਸਾਰੇ ਅਮਰੀਕਾ ਵਿਚ ਗੰਦੀਆਂ ਥਾਵਾਂ ਤੇ ਰਹਿਣ ਵਾਲੇ ਸ਼ਰਾਬੀ ('SKID ROW BUMS') ਲੋਕਾਂ ਦੀ ਗਿਣਤੀ ਵਿਚ ਵਾਧਾ ਕਰ ਰਹੇ ਹਨ। ਉਹਦੇ ਮੁਤਾਬਕ ਇਹ ਲੋਕ ਜੋ ਖੁਦ ਆਪਣੀ ਹਾਲਤ ਲਈ ਜ਼ਿੰਮੇਵਾਰ ਹਨ, ਇਸ ਦਾ ਕਸੂਰਵਾਰ ਦੂਜੇ ਲੋਕਾਂ ਜਾਂ ਸਮਾਜ ਨੂੰ ਠਹਿਰਾਉਂਦੇ ਹਨ। ਉਹ ਕਹਿੰਦਾ ਹੈ ਕਿ ਇਹ ਲੋਕ ਖੁਦ ਕੁਝ ਕਰਨ ਦੇ ਕਾਬਲ ਨਹੀਂ ਤੇ ਸਮਾਜ ਉਪਰ ਵਾਧੂ ਦਾ ਭਾਰ ਬਣੇ ਹੋਏ ਹਨ। ਅਮਰੀਕਾ ਵਿਚ ਇਹ ਸਮੱਸਿਆ ਕਿਸੇ ਇਕ ਸ਼ਹਿਰ ਜਾਂ ਸੂਬੇ ਦਾ ਨਹੀਂ ਸਗੋਂ ਇਕ ਸਿਰੇ ਤੋਂ ਲੈ ਕੇ ਦੂਜੇ ਤੱਕ ਹਰ ਜਗ੍ਹਾ ਫੈਲੀ ਹੋਈ ਹੈ।

ਇਹ ਭੁਲੇਖਾ ਕਿ ਕਿਸੇ ਦਾ ਸਫਲ ਜਾਂ ਅਸਫਲ ਹੋਣਾ ਸਿਰਫ ਉਸਦੀ ਆਪਣੀ ਯੋਗਤਾ ਤੇ ਨਿਰਭਰ ਹੈ, ਇਕ ਇਸ ਤੋਂ ਵੀ ਵੱਡੇ ਭੁਲੇਖੇ 'ਤੇ ਆਧਾਰਿਤ ਹੈ। ਉਹ ਹੈ ਕਿ ਅਮਰੀਕਾ ਵਿਚ ਹਰ ਕੋਈ ਅਮੀਰ ਹੋਵੇ ਜਾਂ ਗਰੀਬ, ਕਾਲਾ, ਗੋਰਾ, ਮੈਕਸੀਕਨ ਜਾਂ ਲੈਟਿਨ, ਹਰ ਕਿਸੇ ਨੂੰ ਵੱਧਣ ਫੁੱਲਣ ਲਈ

ਬਰਾਬਰ ਦੇ ਹੱਕ ਤੇ ਇੱਕੋ ਜਿਹੀਆਂ ਸਹੂਲਤਾਂ ਪ੍ਰਾਪਤ ਹਨ, ਜਦੋਂਕਿ ਅਸਲੀ ਜੀਵਨ ਵਿਚ ਇਸ ਤਰ੍ਹਾਂ ਨਹੀਂ ਹੈ। ਅਸਲੀਅਤ ਵਿਚ ਅਮੀਰਾਂ ਨੂੰ ਗਰੀਬਾਂ ਨਾਲੋਂ ਕਿਤੇ ਜ਼ਿਆਦਾ ਵਧੀਆ ਸਹੂਲਤਾਂ ਤੇ ਮੌਕੇ ਹਨ। ਧਨ ਦੇ ਤੇ ਆਪਣੇ ਜੀਵਨ ਨੂੰ ਵਧੀਆ ਬਣਾਉਣ ਦੇ। ਚਿੱਟੇ ਰੰਗ ਦੇ ਲੋਕਾਂ ਨੂੰ ਗੈਰ-ਚਿੱਟੇ ਰੰਗ ਦੇ ਲੋਕਾਂ ਨਾਲੋਂ ਜ਼ਿਆਦਾ ਸਹੂਲਤਾਂ ਹਨ। ਅਸਲੀ ਜ਼ਿੰਦਗੀ ਵਿਚ ਬਰਾਬਰਤਾ ਨਾਂ ਦੀ ਕੋਈ ਚੀਜ਼ ਨਹੀਂ। ਇਹ ਨਾ-ਬਰਾਬਰਤਾ ਦਾ ਹੀ ਸਿੱਟਾ ਹੈ ਕਿ ਕਾਲੇ ਲੋਕ ਜ਼ਿਆਦਾ ਗਰੀਬ, ਅਨਪੜ੍ਹ ਤੇ ਮਾਰ ਕੁਟਾਈ ਕਰਨ ਵਾਲੇ ਹਨ। ਪਰ ਇਸੇ ਗੱਲ ਨੂੰ ਦੱਸਿਆ ਇਸ ਤਰੀਕੇ ਨਾਲ ਜਾਂਦਾ ਹੈ ਕਿ ਕਾਲੇ ਲੋਕ ਗੋਰਿਆਂ ਨਾਲੋਂ ਦਿਮਾਗੀ ਤੌਰ ਤੇ ਘਟੀਆ ਹਨ।

ਇਹਨਾਂ ਨਾ-ਬਰਾਬਰਤਾਵਾਂ ਕਰਕੇ ਜਦੋਂ ਕੁੱਝ ਲੋਕ ਸਮਾਜ ਵਿਚ ਪੂਰੀ ਤਰ੍ਹਾਂ ਫਿਟ ਨਹੀਂ ਆਉਂਦੇ ਤਾਂ ਉਹਨਾਂ ਨੂੰ ਅਸਧਾਰਨ ਤੇ ਦਿਮਾਗੀ ਤੌਰ ਤੇ ਬਿਮਾਰ ਕਰਾਰ ਦੇ ਦਿੱਤਾ ਜਾਂਦਾ ਹੈ ਪਰ ਇਸ ਦੇ ਜ਼ਿੰਮੇਵਾਰ ਢਾਂਚੇ ਵੱਲ ਉਂਗਲੀ ਨਹੀਂ ਕੀਤੀ ਜਾਂਦੀ।

## ਅਜ਼ਾਦੀ - ਸਾਧੂ

ਹਿੰਦੁਸਤਾਨ ਚੋਂ ਚਿੱਟੇ ਅੰਗਰੇਜ਼ਾਂ ਨੂੰ ਰਾਜ ਛੱਡਿਆਂ ਚੌਂਤੀ ਵਰ੍ਹੇ ਬੀਤ ਗਏ ਹਨ। ਇਨ੍ਹਾਂ ਚੌਂਤੀਆਂ ਸਾਲਾਂ ਤੋਂ ਹੀ ਕਰੋੜਾਂ ਲੋਕਾਂ ਨੂੰ ਇਹ ਆਸ ਹੈ ਕਿ ਸ਼ਾਇਦ ਕਦੀ ਨਾ ਕਦੀ ਅਜ਼ਾਦੀ ਨਾਂ ਦੀ ਚੀਜ਼ ਉਹਨਾਂ ਤੱਕ ਵੀ ਪਹੁੰਚੇਗੀ। ਪਰ ਅਜੇ ਤੱਕ ਉਹਨਾਂ ਦੀ ਆਸ ਨੂੰ ਫੱਲ ਨਹੀਂ ਪਿਆ। ਇਸ ਦਾ ਮਤਲਬ ਇਹ ਨਹੀਂ ਕਿ ਦੇਸ਼ ਵਿਚ ਕੋਈ ਅਜ਼ਾਦੀ ਨਹੀਂ - 'ਅਜ਼ਾਦੀ ਹੀ ਅਜ਼ਾਦੀ ਜੀ" - ਜਿਵੇਂ ਕਿ ਲੋਕ ਆਪਣੀ ਮਨ ਮਰਜ਼ੀ ਨਾਲ ਸੜਕਾਂ ਤੇ ਸੌਂ ਸਕਦੇ ਹਨ, ਭੁੱਖੇ ਮਰ ਸਕਦੇ ਹਨ, ਰੋਟੀ ਦੀ ਖਾਤਰ ਬਾਹਰਲੇ ਮੁਲਕਾਂ ਵਿਚ ਕੁੱਤਿਆਂ ਵਾਂਗ ਤੋਏ ਤੋਏ ਕਰਾ ਸਕਦੇ ਹਨ, ਔਰਤਾਂ ਰੋਟੀ ਲਈ ਆਪਣਾ ਸਰੀਰ ਵੇਚ ਸਕਦੀਆਂ ਹਨ, ਛੋਟੇ ਛੋਟੇ ਨਿਆਣੇ ਆਪਣੀ ਮਰਜ਼ੀ ਨਾਲ ਜੂਠੇ ਭਾਂਡੇ ਮਾਂਜ ਸਕਦੇ ਹਨ, ਭੀਖ ਮੰਗ ਸਕਦੇ ਹਨ ਤੇ ਅਮੀਰ ਲੋਕ ਆਪਣੀ ਮਰਜ਼ੀ ਨਾਲ ਜੋ ਚਾਹੁਣ ਕਰ ਸਕਦੇ ਹਨ। ਇਹ ਸਾਰੀਆਂ ਅਜ਼ਾਦੀਆਂ ਹਨ ਲੋਕਾਂ ਕੋਲ, ਤੇ ਹਿੰਦੁਸਤਾਨੀ ਲੋਕਾਂ ਨੇ ਇਹਨਾਂ ਅਜ਼ਾਦੀਆਂ ਦਾ ਪੂਰਾ ਪੂਰਾ ਫਾਇਦਾ ਵੀ ਉਠਾਇਆ ਹੈ। ਹਿੰਦੁਸਤਾਨ ਦੇ ਹੁਕਮਰਾਨਾਂ ਨੇ ਆਪਣੇ ਲੋਕਾਂ ਦਾ ਹਮੇਸ਼ਾ ਪੂਰਾ ਖਿਆਲ ਰੱਖਿਆ ਹੈ। ਹਰ ਅਜ਼ਾਦੀ ਦਿਨ ਤੱਕ ਕੋਈ ਨਾ ਕੋਈ ਨਵੀਂ ਸੁਗਾਤ ਲੋਕਾਂ ਲਈ ਪੇਸ਼ ਕੀਤੀ ਹੈ, ਲੋਕਾਂ ਲਈ ਕੁਰਬਾਨੀ ਕਰਨ ਦੇ ਮੌਕੇ ਪੈਦਾ ਕਰਨ ਲਈ ਪਾਕਿਸਤਾਨ ਨਾਲ ਲੜਾਈਆਂ ਤੇ ਕਦੀ ਚੀਨ ਨਾਲ ਝਗੜੇ ਕੀਤੇ ਜਾਂਦੇ ਰਹੇ ਹਨ / ਹਰ ਵਰ੍ਹੇ ਨਵੇਂ ਟੈਕਸ, ਨਵੇਂ 'ਮੀਸਾ' ਵਰਗੇ ਕਾਨੂੰਨ, ਐਮਰਜੈਂਸੀ, ਸੰਜੇ ਗਾਂਧੀ, ਰਾਜੀਵ ਗਾਂਧੀ.... ਆਦਿ ਸੱਤ ਸੁਗਾਤਾਂ ਤੇ ਤੋਹਫੇ ਭਾਰਤੀ ਹੁਕਮਰਾਨ ਆਪਣੀ ਜਨਤਾ ਨੂੰ ਪੇਸ਼ ਕਰਦੇ ਰਹਿੰਦੇ ਹਨ। ਇਸ ਵਰ੍ਹੇ ਵੀ ਅਜ਼ਾਦੀ ਦਿਨ 'ਤੇ ਸੁਗਾਤ ਵਜੋਂ ਲੋਕਾਂ ਦੇ ਮੋਢਿਆਂ ਤੋਂ ਹੜਤਾਲ ਕਰਨ ਦੇ ਹੱਕ ਦਾ ਵਾਧੂ ਭਾਰ ਉਤਾਰਨ ਲਈ ਉਹਨਾਂ ਤੋਂ ਇਹ ਹੱਕ ਖੋਹਿਆ ਜਾ ਰਿਹਾ ਹੈ। ਭਾਰਤੀ ਹੁਕਮਰਾਨ ਕਿੰਨਾ ਖਿਆਲ ਰੱਖਦੇ ਹਨ ਲੋਕਾਂ ਦਾ। ਫੇਰ ਵੀ ਪਤਾ ਕਿਉਂ ਕੁੱਝ ਲੋਕ ਸ਼ਿਕਾਇਤਾਂ ਕਰਦੇ ਹਨ।

## ਸਿਆਣਿਆਂ ਦੀ ਸਲਾਹ - ਸਾਧੂ

ਕੁਝ ਮਹੀਨੇ ਦੇ ਅਖੀਰ ਵਿਚ ਇਕ ਬੜੀ ਦਿਲਚਸਪ ਖਬਰ ਪੜ੍ਹਨ ਨੂੰ ਮਿਲੀ। ਤਰੇਵੰਜਾ ਨੋਬਲ ਇਨਾਮ ਜੇਤੂ ਬੁਧੀਜੀਵੀਆਂ ਤੇ ਵਿਗਿਆਨੀਆਂ ਨੇ ਇਕ ਸਾਂਝੇ ਬਿਆਨ ਰਾਹੀਂ ਦੁਨੀਆਂ ਭਰ ਦੇ ਗਰੀਬ ਤੇ ਭੁੱਖੇ-ਨੰਗੇ ਲੋਕਾਂ ਨੂੰ ਅਮੀਰਾਂ ਵਿਰੁੱਧ ਬਗਾਵਤ ਕਰਨ ਲਈ ਉਕਸਾਇਆ। ਇਹ ਬਿਆਨ ਜਨੇਵਾ, ਨਿਊਯਾਰਕ ਤੇ ਪੰਜ ਹੋਰ ਸ਼ਹਿਰਾਂ ਵਿਚੋਂ ਪ੍ਰਕਾਸ਼ਤ ਕੀਤਾ ਗਿਆ। ਬਿਆਨ ਵਿਚ ਕਿਹਾ ਗਿਆ ਸੀ ਕਿ ਦੁਨੀਆਂ ਵਿਚ ਵਿਚਰ ਰਹੀਆਂ ਅੰਤਰ-ਰਾਸ਼ਟਰੀ ਸਿਆਸੀ ਤੇ ਆਰਥਿਕ ਨੀਤੀਆਂ ਕਰਕੇ ਕਰੋੜਾਂ ਲੋਕ ਭੁੱਖ ਦਾ ਸ਼ਿਕਾਰ ਹੋ ਰਹੇ ਹਨ। ਬਿਆਨ ਵਿਚ ਅੱਗੇ ਕਿਹਾ ਗਿਆ ਕਿ ਜੇ ਸਾਰੇ ਗਰੀਬ ਲੋਕ ਇਕੱਠੇ ਹੋ ਕੇ ਸ਼ਾਂਤਮਈ ਤਰੀਕੇ ਨਾਲ ਗਾਂਧੀ ਦੀਆਂ ਅਹਿੰਸਾ-ਵਾਦੀ ਲੀਹਾਂ ਤੇ ਚੱਲ ਕੇ ਕਾਨੂੰਨ ਮੰਨਣੇ ਬੰਦ ਕਰ ਦੇਣ ਤਾਂ ਉਹ ਆਪਣੀ ਮਾੜੀ ਹਾਲਤ ਤੋਂ ਛੁਟਕਾਰਾ ਪਾ ਸਕਦੇ ਹਨ। ਇਸ ਗੱਲ ਵਿਚ ਪੈਣ ਤੋਂ ਬਿਨਾਂ ਹੀ ਕਿ ਗਾਂਧੀਵਾਦੀ ਤਰੀਕਿਆਂ ਨਾਲ ਕੁੱਝ ਹੱਲ ਹੋ ਸਕਦਾ ਹੈ ਕਿ ਨਹੀਂ, ਇਹ ਗੱਲ ਆਪਣੇ ਆਪ ਵਿਚ ਬੜੀ ਅਜੀਬ ਹੈ ਕਿ ਸੰਸਾਰ ਦੇ ਸਿਰ ਕੱਢ ਬੰਦੇ ਗਰੀਬਾਂ ਨੂੰ ਕਾਨੂੰਨ ਦੀ ਉਲੰਘਣਾ ਕਰਨ ਲਈ ਕਹਿ ਰਹੇ ਹਨ। ਦੁਨੀਆਂ ਭਰ ਦੇ ਦੱਬੇ-ਕੁਚਲੇ ਤੇ ਗਰੀਬ ਲੋਕਾਂ ਤੱਕ ਉਨ੍ਹਾਂ ਦੀ ਇਹ ਆਵਾਜ਼ ਪਹੁੰਚਣੀ ਚਾਹੀਦੀ ਹੈ।

## ਖ਼ੁਸ਼ਵੰਤ ਸਿੰਘ - ਸਾਧੂ

ਕੁੱਝ ਦਿਨ ਹੋਏ ਬੰਬਈ (ਅਖ਼ਬਾਰ) ਵਿਚ ਦਿੱਲੀ ਦੇ ਸਿੱਖਾਂ ਵਲੋਂ ਇਕ ਕਨਵੈਨਸ਼ਨ ਬੁਲਾਈ ਗਈ। ਇਹ ਪਤਾ ਲੱਗਾ ਹੈ ਕਿ ਉਸ ਵਿਚ ਇੱਕਠੇ ਹੋਏ ਸਿੱਖ ਵਿਦਿ-ਆਰਥੀਆਂ ਤੇ ਅੰਤਰਰਾਸ਼ਟਰੀ-ਪੱਧਰ ਤੇ ਜਾਣੇ ਜਾਂਦੇ ਪੱਤਰਕਾਰ ਖ਼ੁਸ਼ਵੰਤ ਸਿੰਘ ਨੂੰ ਸਟੇਜ ਤੋਂ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਕਨਵੈਨਸ਼ਨ ਦੀ ਅੰਦਰੂਨੀ ਸਿਆਸਤ ਬਾਰੇ ਤਾਂ ਸਬੰਧਤ ਸੱਜਣ ਹੀ ਜਾਣਦੇ ਹੋਣਗੇ ਕਿ ਅਜਿਹਾ ਕਿਉਂ ਹੋਇਆ ਪਰ ਇਹ ਗੱਲ ਬੜੀ ਹੈਰਾਨੀ ਵਾਲੀ ਹੈ ਕਿ ਇਕ ਸਿਆਣੇ ਤੇ ਉੱਘੇ ਸਿੱਖ ਬੁੱਧੀਜੀਵੀ ਨੂੰ ਸਿੱਖਾਂ ਦੀ ਕਨਵੈਨਸ਼ਨ ਉਤੇ ਬੋਲਣ ਤੋਂ ਰੋਕਿਆ ਜਾਵੇ। ਗੁਰਦੁਆਰਿਆਂ ਵਿਚ ਚਲਦੇ ਰੋਲ ਦੇ ਪ੍ਰੋਗਰਾਮ ਤੇ ਪ੍ਰਬੰਧ ਤੋਂ ਇਕ ਕਨਵੈਨਸ਼ਨ ਵਿਚ ਕੁੱਝ ਨਾ ਕੁੱਝ ਵੱਖਰਾ-ਪਨ ਹੋਣਾ ਚਾਹੀਦਾ ਹੈ। ਜਿਵੇਂ ਧਰਮ, ਜਿਵੇਂ ਸਿਆਸਤ ਨੂੰ ਸੰਭਾਲ ਵਾਲੇ ਲੋਕਾਂ ਦੇ ਵੱਖਰੇ ਵੱਖਰੇ ਵਿਚਾਰ ਉਸ ਧਰਮ ਤੇ ਸਿਆਸਤ ਨੂੰ ਅੱਗੇ ਵਧਾਉਣ ਲਈ ਹੀ ਸਹਾਈ ਹੋਣਗੇ। ਅਕਲ ਨੂੰ ਇਸ ਤਰ੍ਹਾਂ ਧੱਕੇ ਮਾਰਨੇ ਕੋਈ ਅਕਲ ਵਾਲੀ ਗੱਲ ਨਹੀਂ।

## ਸ਼ਾਹੀ ਵਿਆਹ - ਅਮਰਜੀਤ ਚਾਹਲ

" ਰਾਜੇ ਦੀ ਘੋੜੀ ਸੂਣ ਲੱਗੀ, ਅੱਖਾਂ ਮੀਟ ਲਉ!"

ਇੰਗਲੈਂਡ ਦੇ ਰਾਜਕੁਮਾਰ ਦੇ ਵਿਆਹ ਦੀ ਤਰੀਕ ਮਿਥੀ ਗਈ ਜਦੋਂ ਉਸ ਦੇ ਵਿਆਹ ਤੋਂ ਬਾਅਦ ਇੰਗਲੈਂਡ ਦੇ ਆਰਥਿਕ ਸੰਕਟਾਂ 'ਚ ਕੋਈ ਅੰਤਿਮ ਮੋੜ ਆ ਜਾਵੇਗਾ। ਅਖ਼ਬਾਰਾਂ ਦੇ ਕਈ ਸਫ਼ੇ, ਰੇਡੀਓ ਅਤੇ ਟੈਲੀਵੀਜ਼ਨ ਉਪਰ ਇਹ ਪ੍ਰਚਾਰ-ਇਤਨਾ ਜ਼ੋਰ ਅਤੇ ਆਮ ਲੋਕਾਂ ਲਈ ਆਮ ਸੀ ਕਿ ਹਰ ਪਾਸੇ ਰਾਜਕੁਮਾਰ ਦਾ ਵਿਆਹ .... ਰਾਜਕੁਮਾਰ ਦਾ ਵਿਆਹ ...... ਦਾ ਹੀ ਸ਼ੋਰ ਸੁਣਾਈ ਦਿੰਦਾ ਸੀ।

ਉਸ ਸਮੇਂ ਇੰਗਲੈਂਡ ਦੀ ਵਸੋਂ 60% ਤੋਂ ਉਪਰ ਬੇਕਾਰ ਬੈਠੀ ਸੀ। ਲੋਕ ਰੋਜ਼ੀ ਦੀਆਂ ਨਵੀਆਂ ਥਾਵਾਂ ਨੂੰ ਬੇਕਾਰੀ ਦੇ ਸਮੇਂ ਮੁਸ਼ਕਲ ਨਾਲ ਪਰੀਟ ਰਹੇ ਸਨ। ਸ਼ਾਹੀ ਵਿਆਹ ਤੋਂ ਕੁੱਝ ਹਫ਼ਤੇ ਪਹਿਲਾਂ ਤੇਜ਼ੀ ਨਾਲ ਸ਼ੁਰੂ ਹੋਏ, ਸਾੜ ਫੂਕ ਅਤੇ ਤੋੜ-ਫੋੜ ਦੀਆਂ ਸ਼ਹਿਰ ਵਾਰਦਾਤਾਂ, ਉਥੋਂ ਦੀਆਂ ਸਰਕਾਰੀ ਮਸ਼ੀਨਰੀ ਵਿਰੁੱਧ ਲੋਕਾਂ ਦੇ ਗੁੱਸੇ ਦਾ ਵਿਖਾਵਾ ਸੀ ਅਤੇ ਹੈ। ਜਿਸ ਨੂੰ ਸਰਕਾਰ ਨੇ ਵਿਆਹ ਦੇ ਢੋਲ ਢਮੱਕੇ ਹੇਠ ਰੋਲ ਦੇਣਾ ਚਾਹਿਆ ਪਰ ਨਾ-ਕਾਮਯਾਬ ਰਹੀ।

ਇਸ ਵਿਆਹ ਨੂੰ ਇਤਨੇ ਸ਼ੋਰ ਸ਼ੋਰ ਨਾਲ ਪੇਸ਼ ਕਰਨ ਦਾ ਇਕ ਕਾਰਨ ਦੁਕਾਨਦਾਰੀ ਵੀ ਹੈ। ਦੁਕਾਨਦਾਰਾਂ ਨੇ ਆਪਣਾ ਮਾਲ ਖਾਣ-ਪੀਣ ਦੀਆਂ ਚੀਜ਼ਾਂ ਤੋਂ ਲੈ ਕੇ ਪਹਿਨਣ-ਪੱਚਰਨ ਤੱਕ ਦੀਆਂ ਵਸਤਾਂ ਨੂੰ ਇਸ ਜੋੜੀ ਦੀਆਂ ਤਸਵੀਰਾਂ ਛਾਪ ਕੇ ਜਾਂ ਉਨ੍ਹਾਂ ਦੇ ਰੰਗ-ਢੰਗ 'ਚ ਰੰਗ ਕੇ ਪੇਸ਼ ਕੀਤਾ ਅਤੇ ਅੰਨ੍ਹਾ ਮੁਨਾਫ਼ਾ ਕਮਾਇਆ। ਇਹ ਮੁਨਾਫ਼ਾ ਸ਼ਾਇਦ ਉਸ ਸਮਾਂ ਜਿੰਨਾ ਹੀ ਹੋਵੇ ਜਿਤਨਾ ਇਹ ਕ੍ਰਿਸ-ਮਿਸ ਦਾ ਸਮਾਂ ਲੈ ਕੇ ਕਮਾਉਂਦੇ ਹਨ। ਅਤੇ ਲੋਕਾਂ ਦੀ ਜੇਬ ਖੁੱਲ੍ਹਿਆਂ ਢੰਗ ਦੇ ਨਹੀਂ ਸਕੀ ਇੱਕ ਇਹਨਾਂ ਵਸਤਾਂ ਸਜਾਵੇ ਲਾਉਂਦੇ ਹਨ।

ਪਰ ਸਾਰੇ ਇੰਗਲੈਂਡ ਦੀ ਜੋਰ ਸਰਕਾਰ ਨੇ (ਉਨ੍ਹਾਂ ਅਖ਼ਬਾਰਾਂ-ਰਸਾਲਿਆਂ ਦੇ ਜਿਨ੍ਹਾਂ ਇਸ ਵਿਆਹ ਦੀਆਂ ਵੱਡੀਆਂ ਵੱਡੀਆਂ ਤਸਵੀਰਾਂ ਛਾਪ ਕੇ ਇਸ ਵਿਆਹ ਦੀ ਉਪਮਾ ਕੀਤੀ। ਉਹਨਾਂ ਅਦਾਰਿਆਂ ਦੇ ਜਿਨ੍ਹਾਂ ਸੈਂਕੜੇ ਮੀਲ ਦੂਰ ਹੁੰਦੇ ਹੋਏ ਵੀ ਜਸ਼ਨ ਮਨਾਏ) ਜਿਸ ਲੋਕਾਂ ਦੇ ਅਜਿਹੇ ਮੁਸ਼ਕਲਾਂ ਭਰੇ ਸਮੇਂ ਨੂੰ ਅੱਖੋਂ ਓਹਲੇ ਕਰਕੇ, ਉਨ੍ਹਾਂ (ਲੋਕਾਂ) ਦੇ ਖ਼ੂਨ ਪਸੀਨੇ ਦੀ ਕਮਾਈ ਦੇ ਲੱਖਾਂ-ਕਰੋੜਾਂ ਪੌਂਡ ਇਸ 'ਵਿਆਹ' ਉਤੇ ਪਾਣੀ ਵਾਂਗ ਰੋੜ੍ਹ ਦਿਤੇ।

ਲੋਕ ਇਕ ਦਿਨ ਪੁੱਛਣਗੇ, 'ਜੇਕਰ ਰਾਜੇ ਦੀ ਘੋੜੀ ਨੇ ਸੂਣਾ ਹੈ ਤਾਂ ਅਸੀਂ ਅੱਖਾਂ ਕਿਉਂ ਮੀਟੀਏ?

## ਖ਼ਾਲਿਸਤਾਨ ਦੇ ਸ਼ਹਿਰਨਾਗਰੀ - ਸੁਖਦੇਵ ਤੂਰ

ਜਦੋਂ ਤੋਂ ਪੰਜਾਬ ਵਿਚ ਖ਼ਾਲਿਸਤਾਨ ਦਾ ਰੌਲਾ ਸ਼ੁਰੂ ਹੈ ਉਦੋਂ ਤੋਂ ਹੀ ਏਜੰਟਾਂ ਨੇ ਕੈਨੇਡਾ ਭੇਜਿਆ ਦਾ ਰੌਲਾ ਸ਼ੁਰੂ ਕੀਤਾ ਹੋਇਆ ਹੈ। ਏਜੰਟ ਲੋਕਾਂ ਨੂੰ ਕੈਨੇਡਾ ਬਾਰੇ ਝੂਠ ਬੋਲ ਕਿ ਉਥੇ ਖ਼ਾਲਿਸਤਾਨ ਦੇ ਸ਼ਹਿਰਨਾਗਰੀਆਂ ਨੂੰ ਪਨਾਹ ਮਿਲ ਜਾਂਦੀ ਹੈ। ਲੋਕਾਂ ਦੀ ਖੁੱਲ੍ਹੇ ਆਮ ਲੁੱਟ ਕਰ ਰਹੇ ਹਨ। ਇਸ ਦੇ ਨਾਲ ਏਥੇ ਖ਼ਾਲਿਸਤਾਨ ਦਾ ਸ਼ਹਿਰਨਾਗਰੀ ਬਣ ਜਾਣੇ ਇਕ ਲੈਸਟਰ ਤੋਂ ਪਤਾ ਲੱਗਾ ਹੈ ਕਿ ਪੰਜਾਬ ਵਿਚ ਖ਼ਾਲਿਸਤਾਨ ਦੇ ਮੁਹਰੀ, ਏਥੇ ਸ਼ਹਿਰਨਾਗਰੀ ਬਣ ਜਾਣ ਵਾਲੇ ਲੋਕਾਂ ਨੂੰ ਸ਼ਹਿਰਨਾਗਰੀ ਹੋਣਾ ਸਿੱਧ ਕਰਦੀ ਚਿੱਠੀ ਦੇਣ ਲਈ 500 ਤੋਂ 5000 ਰੁਪਏ ਤੱਕ ਲੈ ਰਹੇ ਹਨ। ਉਨ੍ਹਾਂ ਦੀ ਸਰਕਾਰ ਚਲਾਉਣ ਲਈ ਖਰਚ ਲੋਕਾਂ ਤੋਂ

ਜਾਂਦਾ ਹੈ।

ਜਦੋਂ ਤੋਂ ਬਾਗ਼ੀ ਹਕੂਮਤ ਤੱਕ ਸਾਰੇ ਆਏ ਇਹ ਨੌਜਵਾਨ ਜਦੋਂ ਕੈਨੇਡਾ ਉਤਰਦੇ ਹਨ ਤਾਂ ਉਨ੍ਹਾਂ ਨੂੰ ਪਤਾ ਲਗਦਾ ਹੈ ਕਿ ਉਹ ਠੱਗੇ ਗਏ ਹਨ। ਬਹੁਤੇ ਕੇਸਾਂ ਵਿਚ ਇੰਡੀਆ ਦੀ ਇਮੀਗਰੇਸ਼ਨ ਵਾਲੇ ਉਨ੍ਹਾਂ ਦੇ ਪਾਸਪੋਰਟ ਆਪਣੇ ਕੋਲ ਰੱਖ ਉਨ੍ਹਾਂ ਨੂੰ ਕੁੱਝ ਦਿਨਾਂ ਦੀ ਮੋਹਲਤ ਦੇ ਦਿੰਦੇ ਹਨ ਅਤੇ ਫਿਰ ਇਕ ਤਾਰੀਖ਼ ਤੇ ਮੁੜ ਵਾਪਿਸ ਭੇਜ ਦਿੰਦੇ ਹਨ। ਕਈਆਂ ਕੇਸਾਂ ਵਿਚ ਇਮੀਗਰੇਸ਼ਨ ਵਾਲੇ ਇਨ੍ਹਾਂ ਲੋਕਾਂ ਨੂੰ ਜੇਲ੍ਹ ਰੱਖਦੇ ਹਨ ਅਤੇ ਇਕ ਦੋ ਹਫ਼ਤਿਆਂ ਬਾਅਦ ਵਾਪਿਸ ਭੇਜ ਦਿੰਦੇ ਹਨ। ਏਥੋਂ ਦੇ ਇਮੀਗਰੇਸ਼ਨ ਮਹਿਕਮੇ ਅਨੁਸਾਰ ਪਾਕਿਸਤਾਨ ਦੇ ਦੌਰ 'ਚ ਆਏ ਲੋਕ "ਸ਼ਰਨਾਰਥੀਆਂ ਦੀ ਪਨਾਹ" ਲਈ ਉਮੀਦਵਾਰੀ ਨਹੀਂ ਕਰ ਸਕਦੇ ਕਿਉਂਕਿ ਇਮੀ-ਗਰੇਸ਼ਨ ਵਾਲਿਆਂ ਦੀ ਹਿੰਦੁਸਤਾਨ ਵਿਚ ਕੀਤੀ ਜਾਂਚ ਅਨੁਸਾਰ ਇਨ੍ਹਾਂ ਲੋਕਾਂ ਨੂੰ ਉਥੇ ਜਾਨਮਾਲ ਦਾ ਕੋਈ ਖ਼ਤਰਾ ਨਹੀਂ।

ਆਪਣੇ ਕੋਲੋਂ ਏਨਾ ਪੈਸਾ ਖਰਚ ਇਹ ਲੋਕ ਅੰਨ੍ਹੇ ਖੂਹ ਵਿਚ ਛਾਲ ਕਿਉਂ ਮਾਰਦੇ ਹਨ ਇਸ ਪਿੱਛੇ ਵੀ ਕਈ ਕਾਰਨ ਹੋਣਗੇ। ਆਪਣੀ ਜ਼ਿੰਦਗੀ 'ਚ ਬੇਰੁਜ਼ਗਾਰੀ ਨਾਲ ਮਜਬੂਰ ਕਾਲਜਾਂ 'ਚ ਨਾਲ ਡਿਗਰੀਆਂ ਡਿਪਲੋਮੇ ਲੈ ਜਦੋਂ ਇਹ ਨੌਜਵਾਨ ਤਰੱਕੀ ਵੱਲ ਨਿਗਾਹ ਮਾਰਦੇ ਹਨ ਤਾਂ ਕੁੱਝ ਵੀ ਨਜ਼ਰ ਨਹੀਂ ਆਉਂਦਾ। ਮਾਂ ਬਾਪ ਜਿਨ੍ਹਾਂ ਨੂੰ ਆਪਣੀ ਗਾੜ੍ਹੇ ਪਸੀਨੇ ਦੀ ਕਮਾਈ ਉਨ੍ਹਾਂ ਦੀ ਪੜ੍ਹਾਈ ਤੇ ਇਸ ਕਰਕੇ ਖਰਚ ਕੀਤੀ ਹੁੰਦੀ ਹੈ ਕਿ ਜਦੋਂ ਉਨ੍ਹਾਂ ਦੇ ਬੱਚੇ ਪੜ੍ਹ ਲਿਖ ਜਾਣਗੇ ਤਾਂ ਉਹਨਾਂ ਦਾ ਸਹਾਰਾ ਬਣਨਗੇ। ਪਰ ਆਪਣੇ ਬੱਚਿਆਂ ਨੂੰ ਬੇਰੁਜ਼ਗਾਰ ਦੇਖ ਉਹ ਨਿਰਾਸ਼ ਹੋ ਜਾਂਦੇ ਹਨ। ਏਜੰਟ ਕਿਸਮ ਦਾ ਵਰਗ ਇਸ ਨਿਰਾਸ਼ਾ ਦਾ ਪੂਰਾ ਫ਼ਾਇਦਾ ਉਠਾਉਂਦਾ ਹੈ। ਉਹ ਮਾਪਿਆਂ ਨੂੰ ਦੂਰ ਰਹਿੰਦੇ ਇਕ ਇਕ ਕਿਰਨ ਦੇ ਸਬਜ਼ਬਾਗ਼ ਦਿਖਾਉਂਦਾ ਹੈ। ਮਾਂ-ਬਾਪ ਆਪਣਾ ਸਭ ਕੁੱਝ ਵੇਚ ਆਪਣੇ ਬੱਚਿਆਂ ਨੂੰ ਇਹ ਕਿਰਨ ਲੱਭਣ ਤੋਰ ਦਿੰਦੇ ਹਨ ਅਤੇ ਲੁੱਟੇ ਜਾਂਦੇ ਹਨ।

ਇਸ ਲੁੱਟ ਦੀ ਰੋਕ ਦਾ ਅਸਲੀ ਹੱਲ ਤਾਂ ਇਹ ਹੈ ਕਿ ਹਿੰਦੁਸਤਾਨ ਵਿਚ ਲੋਕਾਂ ਦੀ ਆਪਣੀ ਸਰਕਾਰ ਹੋਵੇ। ਜੋ ਸਾਰੇ ਲੋਕਾਂ ਲਈ ਰੁਜ਼ਗਾਰ ਦੀ ਇਕੋ ਜਿਹੇ ਮੌਕੇ ਮੁਹੱਈਆ ਕਰੇ। ਭ੍ਰਿਸ਼ਟਾਚਾਰ ਦਾ ਖ਼ਾਤਮਾ ਕਰੇ। ਆਮ ਲੋਕਾਂ ਨੂੰ ਵੀ ਮਾਣ ਨਾਲ ਜ਼ਿੰਦਗੀ ਜਿਉਣ ਦਾ ਹੱਕ ਦੇਵੇ।

ਫ਼ੌਰੀ ਤੌਰ ਤੇ ਸਰਕਾਰ ਦਾ ਇਹ ਵੀ ਫ਼ਰਜ਼ ਬਣਦਾ ਹੈ ਕਿ ਉਹ ਅਜਿਹੇ ਲੋਕਾਂ ਵਿਰੁੱਧ ਸਖ਼ਤ ਕਦਮ ਚੁੱਕੇ ਜੋ ਝੂਠ ਬੋਲ ਉਨ੍ਹਾਂ ਦੀ ਲੁੱਟ ਆਮ ਲੁੱਟ ਕਰਦੇ ਹਨ ਅਤੇ ਆਮ ਲੋਕਾਂ ਤਕ ਸਹੀ ਗੱਲ ਪਹੁੰਚਾਏ।

ਲੋਕਾਂ ਦਾ ਵੀ ਫ਼ਰਜ਼ ਬਣਦਾ ਹੈ ਕਿ ਉਹ ਏਜੰਟਾਂ ਦੇ ਕਹੇ ਚੜ੍ਹਨ ਤੋਂ ਪਹਿਲਾਂ ਬਾਹਰ ਵਸਦੇ ਆਪਣੇ ਕਿਸੇ ਰਿਸ਼ਤੇਦਾਰ ਦੋਸਤ ਮਿੱਤਰ ਤੋਂ ਏਥੋਂ ਦੀਆਂ ਹਾਲਤਾਂ ਬਾਰੇ ਪੁੱਛ ਪੜਤਾਲ ਕਰੇ। ਇਸ ਦੇ ਨਾਲ ਹੀ ਏਜੰਟਾਂ ਨਾਲੋਂ ਜ਼ਿਆਦਾ ਆਪਣੇ ਰਿਸ਼ਤੇਦਾਰਾਂ, ਦੋਸਤਾਂ ਮਿੱਤਰਾਂ ਦੀ ਗੱਲ ਤੇ ਯਕੀਨ ਕਰਨ ਦੀ ਆਦਤ ਪਾਏ।

x x x x

ਇਹ ਖ਼ਬਰ ਪੰਜਾਬੀ ਜਗਤ ਵਿੱਚ ਬੜੇ ਦੁੱਖ ਨਾਲ ਸੁਣੀ ਗਈ ਹੈ ਕਿ ਪੰਜਾਬੀ ਦੇ ਪੱਤਰਕਾਰ ਅਤੇ ਕਹਾਣੀਕਾਰ ਸ੍ਰ: ਨਵਤੇਜ ਸਿੰਘ ਪ੍ਰੀਤਲੜੀ ਦੀ ਮੌਤ ਕਾਰਨ ਅੱਜ ਹੋ ਗਈ ਹੈ। ਨਵਤੇਜ ਪ੍ਰੀਤਲੜੀ ਦੇ ਸੰਪਾਦਕ ਸਨ। ਉਹਨਾਂ ਦਾ ਪ੍ਰੀਤਲੜੀ ਵਿੱਚ 'ਮੇਰੀ ਧਰਤੀ ਮੇਰੇ ਲੋਕ' ਨਾਂ ਦਾ ਕਾਲਮ ਬੜਾ ਹਰਮਨ ਪਿਆਰਾ ਹੋਇਆ ਹੈ। ਉਹਨਾਂ ਕਈ ਚੰਗੀਆਂ ਕਹਾਣੀਆਂ ਲਿਖੀਆਂ ਜਿਨ੍ਹਾਂ ਦਾ ਪੰਜਾਬੀ ਸਾਹਿਤ ਵਿੱਚ ਵਿਸ਼ੇਸ਼ ਸਥਾਨ ਹੈ। ਅਦਾਰਾ ਵਤਨੋਂ ਦੂਰ ਉਹਨਾਂ ਦੇ ਪਰਿਵਾਰ ਅਤੇ ਰਿਸ਼ਤੇਦਾਰਾਂ ਨਾਲ ਅਜਿਹੇ ਦੁੱਖਦਾਈ ਸਮੇਂ ਹਮਦਰਦੀ ਪ੍ਰਗਟ ਕਰਦਾ ਹੈ।

# ਰਾਖੇ

ਸਾਧੂ

ਸਾਰਾ ਦਿਨ ਮੀਂਹ ਪੈਂਦਾ ਰਿਹਾ ਸੀ। ਹੁਣ ਵੀ ਸੜਕ ਦੀਆਂ ਬੱਤੀਆਂ ਦੇ ਚਾਨਣ ਵਿੱਚ ਬਰੀਕ ਬਰੀਕ ਫੁਹਾਰ ਪੈਂਦੀ ਦਿਸਦੀ ਸੀ। ਸਤੰਬਰ ਦਾ ਮਹੀਨਾ ਹੋਣ ਕਰਕੇ ਅਜੇ ਠੰਡ ਐਨੀ ਨਹੀਂ ਸੀ ਹੋਈ ਪਰ ਦੋ ਤਿੰਨ ਦਿਨ ਲਗਾਤਾਰ ਮੀਂਹ ਪੈਂਦਾ ਰਹਿਣ ਕਰਕੇ ਅੱਜ ਰਾਤ ਕੁਝ ਠੰਢ ਸੀ। ਉਹਨਾਂ ਦਾ ਘਰ ਜਿਸ ਸੜਕ ਤੇ ਸੀ ਉਹ ਰਾਤ ਵੇਲੇ ਐਨੀ ਚਾਲੂ ਨਹੀਂ ਸੀ। ਗਿਆਰਾਂ ਵਜੇ ਤੋਂ ਬਾਦ ਜਾਪਦਾ ਜਿਵੇਂ ਬੱਤੀਆਂ ਵਾਲੇ ਉੱਚੇ ਉੱਚੇ ਖੰਭਿਆਂ ਨੇ ਮੋਨ ਧਾਰ ਲਿਆ ਹੋਵੇ। ਉਨ੍ਹਾਂ ਨੂੰ ਇਸ ਘਰ ਵਿੱਚ ਰਹਿੰਦਿਆਂ ਦਸ ਸਾਲ ਹੋ ਗਏ ਸਨ। ਤਿੰਨ ਚਾਰ ਸਾਲ ਪਹਿਲਾਂ ਤੱਕ ਉਨ੍ਹਾਂ ਨੂੰ ਰਾਤ ਤੇ ਦਿਨ ਵਿੱਚ ਕੋਈ ਫ਼ਰਕ ਨਹੀਂ ਸੀ ਲੱਗਾ ਪਰ ਹੁਣ ਗੱਲ ਬਦਲੀ ਸੀ। ਹੁਣ ਰਾਤ ਪੈਂ-ਦਿਆਂ ਹੀ ਉਹਨਾਂ ਦੇ ਮਨਾਂ ਅੰਦਰ ਇੱਕ ਖਿੱਚ ਜਿਹੀ, ਇੱਕ ਡਰ ਜਿਹਾ ਉੱਠ ਆਉਂਦਾ ਤੇ ਉਹ ਸੁੱਤੇ ਪਏ ਵੀ ਕਿਸੇ ਅਣਹੋਣੀ ਦੀ ਉਡੀਕ ਜਿਹੀ ਕਰਦੇ।

ਰਣਜੀਤ ਸਿੰਘ ਨੇ ਆਦਤ ਅਨੁਸਾਰ ਗਿਆਰਾਂ ਵਜੇ ਵਾਲੀਆਂ ਖ਼ਬਰਾਂ ਵੇਖੀਆਂ 'ਤੇ ਫੇਰ ਟੀ.ਵੀ. ਬੰਦ ਕਰ ਦਿੱਤਾ ਤੇ ਬਾਹਰ ਵਾਲੀਆਂ ਕਮਰੇ ਦੀਆਂ ਬੱਤੀਆਂ ਬੁਝਾ ਕੇ ਬਾਥਰੂਮ ਜਾ ਵੜਿਆ। ਬਾਥਰੂਮ ਵਿੱਚ ਉਹਨੇ ਉੱਚੀ ਉੱਚੀ ਖੰਘੂਰੇ ਮਾਰ ਕੇ ਗਲਾ ਸਾਫ਼ ਕੀਤਾ ਤੇ ਫੇਰ ਨੱਕ ਸਾਫ਼ ਕਰਦੇ ਨੇ ਵੀ ਉੱਚੀ ਆਵਾਜ਼ ਪੈਦਾ ਕੀਤੀ। ਲਗਦਾ ਸੀ ਜਿਵੇਂ ਟੀ.ਵੀ. ਦੇ ਬੰਦ ਹੋਣ ਬਾਦ ਘਰ ਵਿੱਚ ਛਾਈ ਚੁੱਪ ਨੂੰ ਡਰਾ ਰਿਹਾ ਹੋਵੇ। ਦਇਆ ਕੌਰ ਤਾਂ ਪਿੱਛੇ ਜਿਹੇ ਹੀ ਬੈਡਰੂਮ ਵਿੱਚ ਜਾ ਪਈ ਸੀ ਪਰ ਉਹ ਅਜੇ ਸੁੱਤੀ ਨਹੀਂ ਸੀ। "ਬੁੱਢਿਆਂ ਬੰਦਿਆਂ ਨੂੰ ਨੀਂਦ ਕਿਹੜੀ ਛੇਤੀ ਛੇਤੀ ਆਉਂਦੀ ਆ।" ਉਹ ਹਰ ਰਾਤ ਹੀ ਆਪਣਾ ਮਨ ਸਮਝਾਇਆ ਕਰਦੀ। ਐਹ ਲੋਕਾਂ ਜਿਵੇਂ ਰਹਿਣ ਦੇ ਇਕੱਲਤਾ ਤੋਂ ਡਰਦੇ ਉਹਨਾਂ ਦੇ ਇੱਕ ਸਹਾ ਰਹਿੰਦਾ" ਬੜੀ ਮੌਜ ਸੀ ਬੱਚੇ ਵਾਲਿਆਂ ਦੀ, ਰਾਤ ਨੂੰ ਕਦੀ ਰੋਂਦੇ ਨਿਆਣਿਆਂ ਲੋਕਿਆਂ ਦੀ ਆਵਾਜ਼ ਆਉਂਦੀ ਸੀ ਤਾਂ ਘਰ ਜੀਂਦਾ ਜੀਂਦਾ ਜਾਪਦਾ" 'ਤੇ ਫਿਰ ਉਹ ਦੋਵੇਂ ਜਣੇ ਉਹਨਾਂ ਦੇ ਬੁੱਲੇ ਰਹਿੰਦੇ ਕਿਰਾਏਦਾਰਾਂ ਬਾਰੇ ਗੱਲਾਂ ਕਰਦੇ ਕਰਦੇ ਸੌਂ ਜਾਂਦੇ। ਉਹਨਾਂ ਨੇ ਕਾਫ਼ੀ ਚਿਰਾਂ ਤੋਂ ਆਪਣੀ ਬੇਸਮੈਂਟ ਕਿਰਾਏ 'ਤੇ ਦੇ ਰੱਖੀ ਸੀ। ਕਿਰਾਏ ਨਾਲ ਉਹਨਾਂ ਨੂੰ ਚੰਗੀ ਪੈਸਿਆਂ ਦੀ ਮੱਦਦ ਹੋ ਜਾਂਦੀ ਸੀ ਪਰ ਬਹੁਤਾ ਫਾਇਦਾ ਉਹਨਾਂ ਨੂੰ ਸਾਥ ਦਾ ਸੀ। ਉਹਨਾਂ ਦੇ ਆਪਣੇ ਨਿਆਣੇ ਤਾਂ ਹੁਣ ਵਿਆਹ ਹੋ ਚੁੱਕੇ ਸਨ ਤੇ ਆਪੋ ਆਪਣੀ ਥਾਈਂ ਰਹਿੰਦੇ ਸਨ। ਉਹਨਾਂ ਦੇ ਨਿਆਣੇ ਇਥੋਂ ਦੀ ਸ਼ਹਿਰ-ਭੇਜ ਅਨੁਸਾਰ ਕਦੇ ਕਿਤੇ ਹਟਕੇ ਦੇ ਹਟਣੀਂ ਉਹਨਾਂ ਦੀ ਬਾਹਰ ਸਾਰ ਲੈ ਜਾਂਦੇ। ਇਸ ਇਕੱਲਤਾ ਤੋਂ ਡਰਦਿਆਂ ਉਹਨਾਂ ਆਪਣੀ ਬੇਸਮੈਂਟ ਕਿਰਾਏ 'ਤੇ ਦਿੱਤੀ ਸੀ ਪਰ ਉਹਨਾਂ ਦੀ ਬੇਸਮੈਂਟ ਸ਼ਹਿਰ ਦੇ ਕਨੂੰਨ ਮੁਤਾਬਕ ਕਿਰਾਏ ਤੇ ਨਹੀਂ ਸੀ ਚੜ੍ਹਾਈ ਜਾ ਸਕਦੀ। ਗੁਆਂਢੋਂ ਕਿਸੇ ਖਾਰ ਖਾਂਦੀ ਇਕਲੀ ਤੀਵੀਂ ਨੇ ਉਹਨਾਂ ਦੀ ਸ਼ਕਾਇਤ ਕਰ ਦਿੱਤੀ ਤੇ 'ਸਿਟੀ' ਵਾਲੇ ਆ ਕੇ ਉਹਨਾਂ ਦੇ ਕਿਰਾਏਦਾਰਾਂ ਨੂੰ ਉਹਨਾਂ ਦੇ ਘਰੋਂ ਸੂਟ ਹੋਣ ਦਾ ਹੁਕਮ ਦੇ ਗਏ। ਤੇ ਹੁਣ ਉਹਨਾਂ ਨੂੰ ਘਰ ਵੱਡਾ ਚੁੱਪ ਚਾਪ ਤੇ ਸੁੰਨਾ ਜਿਹਾ ਜਾਪਦਾ। ਰਾਤ ਨੂੰ ਜਿਵੇਂ ਉਹਨਾਂ ਦੀ ਪੁਰਾਣੀ ਬਿਲਡਿੰਗ ਦਾ ਕੋਈ ਤਖ਼ਤਾ ਤੇ ਫੇਰ ਹੁਣਕੇ ਜਿਹੇ ਨਾਲ ਕੋਈ ਦੀ ਆਵਾਜ਼ ਆਉਂਦੀ। ਜਦੋਂ ਬਿਲਕੁਲ ਹੀ ਚੁੱਪ ਹੁੰਦੀ ਤਾਂ ਉਹਨਾਂ ਦੇ ਸੌਣ ਵਾਲੇ ਕਮਰੇ 'ਚ ਪਏ ਪੁਰਾਣੇ ਅਲਾਰਮ ਕਲਾਕ ਦੀ ਆਵਾਜ਼ ਸਾਰੇ ਘਰ ਵਿੱਚ ਸੁਣੀ ਜਾ ਸਕਦੀ।

ਰਣਜੀਤ ਸਿੰਘ ਨੇ ਚੰਗੀ ਤਰ੍ਹਾਂ ਉਬਾਸੀ ਲੈਂਦਿਆਂ ਰੱਬ ਦਾ ਨਾਂ ਲਿਆ। ਦਇਆ ਕੌਰ ਨੇ ਵੀ ਪਾਸਾ ਬਦਲਦੀ ਨੇ ਕਿਹਾ," ਹੇ ਸੱਚਿਆ ਪਾਤਸ਼ਾਹ ਸਭ 'ਤੇ ਮਿਹਰ ਰੱਖੀਂ।" ਹਾਲੇ ਕਮਰੇ 'ਚ ਉਹ ਅਜੇ ਸੁਣਾਏ ਹੀ ਪਏ ਸਨ ਕਿ ਬਾਹਰ ਵਾਲੇ ਕਮਰੇ 'ਚ ਹੋਏ ਖੜਾਕ ਨਾਲ ਉੱਠ ਕੇ ਬੈਠੇ। ਉਹਨਾਂ ਦੋਹਾਂ ਨੂੰ ਹੀ ਪਤਾ ਸੀ ਕੀ ਹੋਇਆ ਹੈ ਤੇ ਦੋਹਾਂ ਦੇ ਦਿਲ ਜ਼ੋਰ ਨਾਲ ਧੜਕਣ ਤੇ ਬੇ-ਬਸੀ ਨਾਲ ਭਰ ਗਏ। ਪਹਿਲਾਂ ਕਈ ਵਾਰੀ ਦੀ ਤਰ੍ਹਾਂ ਅੱਜ ਫੇਰ ਲੋਕਿਆਂ ਦੇ ਅੰਦਾਜ਼ਾ ਲਾ ਕੇ ਪੱਥਰ ਮਾਰ ਕੇ ਉਹਨਾਂ ਦੇ ਘਰ ਦਾ ਸ਼ੀਸ਼ਾ ਤੋੜ ਗਏ ਸਨ।

ਰਣਜੀਤ ਸਿੰਘ ਕਾਫ਼ੀ ਕਮਜ਼ੋਰ ਹੋਇਆਂ ਦੀ ਹਿੰਮਤ ਨਾਲ ਉੱਠਿਆ ਤੇ ਇੱਕ ਛੋਟਾ ਜਿਹਾ ਡੰਡਾ ਹੱਥ 'ਚ ਲਈ ਬਾਹਰਲੇ ਬੂਹੇ ਵੱਲ ਵਧਿਆ। ਪਰ ਦਇਆ ਕੌਰ ਨੇ ਉਹਨੂੰ ਅੱਗੇ ਵਧ ਕੇ ਰੋਕ ਲਿਆ। " ਵੇਖ ਵੇ ਭਾਈਆ, ਜਿਉਂ ਸਦਾਈ ਬਣਦਾ ਆਂ, ਸਾਰ ਸਤ ਤਾਂ ਘਰੇ ਹੋਣ ਜੋਗੇ ਹੀ ਆਪਣੇ ਆ। ਨਾਲੇ ਇਹਨਾਂ ਛੋਕਰਿਆਂ ਦਾ ਕੀ ਆ ਮੂੰਹ ਸਿਰ ਤੇ ਪੱਥਰ ਮਾਰਨਗੇ ਤਾਂ ਸਾਰ ਜਾਂਦੀਏ ਤੇ ਕਦੇ। ਰਹਿ ਰਹਿ ਪੁਲਸ ਨੂੰ ਫੋਨ ਕਰਦੇ"।

"ਉਇ ਇਹ ਫੋਨਾਂ ਸ਼ੋਨਾਂ ਵਾਲੀਆਂ ਨਸਲਾਂ ਨਹੀਂ। ਇਹ ਤਾਂ ਮੁੰਡੀ ਨਾਲ ਹੀ ਠੀਕ ਆਉਣ ਵਾਲੇ ਆ। ਨਾਲੇ ਪੁਲੀਸ ਨੂੰ ਫੋਨ ਮਾਰਨ ਦਾ ਅੱਗੇ ਕਿਹੜਾ ਕੁ ਫੈਦਾ ਹੋਇਆ। ਸਾਲੇ ਦੋ ਮਿੰਟ ਗੱਲਾਂ ਮਾਰਕੇ ਔਹ ਜਾਂਦੇ ਆ ਜੇ ਆ ਵੀ ਜਾਣ ਤਾਂ। ਨਿਆਣਿਆਂ ਨੂੰ ਤਾਂ ਉਹ ਵੀ ਕੀ ਕਹਿ ਕੇ ਛੱਡ ਦਿੰਦੇ ਆ"। ਰਣਜੀਤ ਸਿੰਘ ਗਹਿਰਾ ਹੋਇਆ ਕਿਚਨ ਵੱਲ ਜਾਂਦਾ ਬੁੜ ਬੁੜਾ ਰਿਹਾ ਸੀ।" ਇਹਨਾਂ ਦੀ ਧੀ ਨੂੰ ਕਰੀਏ ਕੀ ਜਿਨ੍ਹਾਂ ਸਾਹ ਹਰਾਮ ਕੀਤਾ ਉਇ ਇਹਨਾਂ"।

ਕਿਚਨ ਵਿੱਚ ਜਾ ਕੇ ਉਹਨੇ ਇੱਕ ਪੁਰਾਣੇ ਜਿਹੇ ਗੱਤੇ ਤੇ ਲਿਖਿਆ ਪੁਲੀਸ ਵਾਲਿਆਂ ਦਾ ਫੋਨ ਪੜ੍ਹਿਆ ਤੇ ਫੋਨ ਕਰਨ ਲੱਗਾ। ਅੱਗਿਓਂ ਇੱਕ ਕੁੜੀ ਜਿਹੀ ਆਵਾਜ਼ ਆਈ।

10 ਹਰਨਾਮ ਸਿੰਘ ਦਾ ਨਾਂ ਤੇ ਪਤਾ ਪੁੱਛ ਕੇ ਡੇਰੀ ਮਦਦ ਕੇਂਦਰ ਦਾ ਰਜਿਸਟਰ ਬੰਦ ਕਰ ਦਿੱਤਾ।

ਦਇਆ ਕੌਰ ਨੇ ਖਿੜਕੀ ਦੀ ਜਾਲੀ ਦਾ ਪਰਦਾ ਇੱਕ ਪਾਸੇ ਕਰ ਕੇ ਬਾਹਰ ਵੇਖਿਆ। ਸੜਕ ਬੱਤੀਆਂ ਦੇ ਚਾਨਣ ਵਿੱਚ ਧੁੰਦ ਗੂੜ੍ਹੀ ਪਈ ਸੀ। ਕੋਈ ਵੀ ਆਂਦੀ ਜਾਂਦੀ ਕਾਰਾਂ ਦੇ ਤੇਜ਼ ਸ਼ੀਸ਼ਿਆਂ ਦਾ ਪ੍ਰਕਾਸ਼ ਧੁੰਦ ਦੇ ਬਾਹਰ ਨਹੀਂ ਸੀ ਆਇਆ। ਪੰਦਰਾਂ ਸਾਲਾਂ ਵਾਲੇ ਮੁੰਡੇ ਹੁਣ ਤੇਰ ਵਜੇ ਦੇ ਕੋਲ ਗਏ ਸਨ। ਦਇਆ ਕੌਰ ਨੂੰ ਉਸੇ ਘੜੀ ਨੂੰ ਇੱਕ ਪਲ ਪਿੰਡ ਦੀ ਯਾਦ ਆ ਗਈ - ਜੇ ਕਿਸੇ ਦੇ ਨੇੜਾ ਦੀ ਲੰਘ ਜਾਂਦਾ ਤਾਂ ਸਾਰੀ ਗਲੀ ਦਿਖੇਗੀ ਹੋ ਜਾਂਦੀ। ਉਹਨੂੰ ਆਪਣੀ ਸੋਚ ਖੁਪਕੇ ਵਰਗੀ ਜਾਪੀ। ਪਿੰਡ ਛੱਡੇ ਨੂੰ ਤਾਂ ਉਹਨੂੰ ਵੀਹ ਵਰ੍ਹੇ ਬੀਤ ਗਏ ਸਨ। ਇਸ ਸਟਰੀਟ ਉਪਰ ਵੀ ਤੇ ਘਰ ਛੱਡ ਕੇ ਉਹਨਾਂ ਨਾਲ ਗੁਜ਼ਰੀ ਸਾਂਝ ਤੋਂ ਬਾਅਦ ਵਾਲੇ ਸਿਆਣੀ ਉਮਰ ਦੇ ਗੋਰਾ ਤੇ ਗੋਰੀ ਰਹਿੰਦੇ ਸਨ। ਉਹ ਕੋਈ ਸੀ ਇਹਨਾਂ ਨਾਲ ਬੜਾ ਪਿਆਰ ਕਰਦੇ ਸੀ। ਇਹ ਵੀ ਉਹਨਾਂ ਨਾਲ ਆਪਣਿਆਂ ਵਾਂਗ ਪੇਸ਼ ਆਉਂਦੇ। ਪਰ ਛੇਤੀ ਹੀ ਨਾਲ ਪਹਿਲਾਂ ਗੋਰਾ ਗੋਰੀ ਅਕਾਲ ਚਲਾਣਾ ਕਰ ਗਏ ਤੇ ਉਹਨਾਂ ਦੀ ਕੋਠੀ ਆਦਿ ਰਸੀਲ ਤੋਂ ਘਰ ਦੀ ਦੇਖ-ਭਾਲ ਨਹੀਂ ਸੀ ਕਰ ਹੁੰਦੀ। ਉਹ ਵੀ ਇਕੱਲੀ ਘਰ ਵੇਚ ਕੇ ਕੋਲ ਦੇ ਇਕ ਅਪਾਰਟਮੈਂਟ ਵਿੱਚ ਮੁੜ ਹੋ ਗਈ। ਉਸ ਤੋਂ ਬਾਅਦ ਇਹਨਾਂ ਗਈ ਇਹ ਸਟਰੀਟ ਬੜੀ ਬੇਗਾਨੀ ਜਿਹੀ ਹੋ ਗਈ ਸੀ।

ਦਇਆ ਕੌਰ ਦੀ ਖਿੜਕ ਵਿਚੋਂ ਬਗੀਚੇ ਵਾਲੇ ਕਮਰੇ ਵਿੱਚ ਆ ਗਈ ਜਿਥੇ ਹਰਨਾਮ ਸਿੰਘ ਘਰ ਕਮਰੇ ਦੀ ਰੋਸ਼ਨੀ ਉਪਰ ਤੇ ਸੋਫੇ ਉਪਰ ਪਏ ਸੀਸੇ ਦੇ ਟੁਕੜਿਆਂ ਨੂੰ ਘੂਰ ਰਿਹਾ ਸੀ। ਹਰਨਾਮ ਸਿੰਘ ਫੇਰ ਮੁੜ ਕੇ ਖਿੜਕ ਵਿੱਚ ਚਲਾ ਗਿਆ ਤੇ ਉਹ ਵੀ ਉਸੇ ਜਾਲੀ ਦਾ ਪਰਦਾ ਪਾਸੇ ਹਟਾ ਕੇ ਬਾਹਰ ਸੜਕ ਵੱਲ ਵੇਖਣ ਲੱਗਾ। ਉਹਨੂੰ ਪਤਾ ਸੀ ਕਿ ਪੰਦਰਾਂ ਸਾਲ ਵਾਲੇ ਮੁੰਡੇ ਤਾਂ ਕਦੋਂ ਦੇ ਲੰਘ ਗਏ ਹੋਣਗੇ। ਪਰ ਉਹ ਫੇਰ ਵੀ ਉਸੇ ਹੀ ਪਲ ਚ ਚੁੱਪ ਚਾਪ ਖੜ੍ਹ ਸੜਕ ਵੱਲ ਘੂਰਦਾ ਰਿਹਾ। ਉਹ ਵਾਪਸ ਬਗੀਚੇ ਵਾਲੇ ਕਮਰੇ ਵਿੱਚ ਆ ਗਿਆ ਤੇ ਘਸ ਕੇ ਪਾਟ ਚੁੱਕੀ ਸੋਫੇ ਨਾਲ ਦੀ ਵੱਡੀ ਕੁਰਸੀ 'ਤੇ ਬੈਠ ਗਿਆ।

ਦਇਆ ਕੌਰ ਤੋਂ ਚੁੱਪ ਜਰਾਨੀ ਨਹੀਂ ਸੀ ਜਾਂਦੀ ਤੇ ਉਹ ਬੁੜ ਬੁੜ ਕਰਨ ਲੱਗ ਪਈ, " ਪਈ ਏਸ ਮੌਤ ਪੈਂਦਿ ਹੱਥ ਕੋਈ ਜੀ ਚੁੱਕੇ ਤੁਹਾਨੂੰ ਇਨੇ ਜਿਹਾਂ ਨੂੰ, ਸਾਡੇ ਸੀਸਿਆਂ ਨਾਲ ਤੁਹਾਡਾ ਕੀ ਵੈਰ ਆ। ਰਬ ਸਾਨ ਹੋ ਗਏ ਇਕ ਸ਼ੀਸ਼ਿਆਂ ਨੂੰ ਵਈ ਕਿਸੇ ਨੂੰ ਅੱਖੀ ਜਾਂ..!". ਹਰਨਾਮ ਸਿੰਘ ਉਸਦੀ ਗੱਲ ਨੂੰ ਵਿਚੋਂ ਕਟਦਾ ਤੇਲਿਆ ਖਿਝ ਕੇ ਬੋਲਿਆ," ਐਵੇਂ ਨਾਂ ਜਿਹ ਮਾਣੀ ਕਰਿਆ ਕਰ ਐਹੁ ਦਾ। ਰਬ ਸਾਨ ਹੋ ਗਏ ਇਹਨੂੰ..... ਉਹਨਾਂ ਸਾਲਿਆਂ ਕਾਂਢਾਂ ਨੂੰ ਕੀ ਪਤਾ... ਬੀਅਰ ਦਾ ਘੁੱਟ ਪੀ ਕੇ ਸੋਚੂਗੇ, ਸਾਡਿਆਂ ਦਾਗਿਆਂ ਤੇ ਤੁਰ ਪੈਂਦੇ ਆ - ਸਾਡੇ ਜੋਏ ਕਿਸੇ ਦਾ ਤਰ ਜਾਂ ਹੋਵੇ ਤਾਂ ਦੇਵੇ ਸਰੀਰ ਗਾਲਕਦੀ ਹੁੰਦੀ ਆ"

"ਜਾਂ ਬੀਅਰ ਹੁਣ ਕੋਈ ਨਵੀਂ ਆ ਗਈ, ਅੱਗੇ ਨਾਂ ਕਦੇ ਕਿਸੇ ਸਾਡੇ ਸੀਸੇ ਭੰਨੇ - ਅੱਗੇ ਤਾਂ ਇਥੇ ਕਿਸੇ ਕਦੀ ਨੀਂ ਸੀ ਸੁਣੀ - ਖੁਵਰਿਆ ਕੀ ਹੋਈ ਇਆਣੀ ਇੰਨੀ ਆ ਜ਼ਮਾਨੇ ਨੂੰ ਹੁਣ ਤਾਂ!..." ਦਇਆ ਕੌਰ ਨੇ ਵੀ ਖਿਝ ਕਰੜੇ ਹ ਹਰਨਾਮ ਸਿੰਘ ਦੀ ਗੱਲ ਦਾ ਮੋੜ ਦਿੱਤਾ।

ਹਰਨਾਮ ਸਿੰਘ ਉਠ ਕੇ ਇੱਕ ਵਾਰੀ ਫੇਰ ਬਾਰੀ ਵੱਲ ਗਿਆ ਤੇ ਪੁਲੀਸ ਨੂੰ ਗਾਲ੍ਹਾਂ ਕੱਢਦਾ ਮੁੜ ਆਇਆ - " ਇਹ ਸਾਲੇ ਪੁਲੀਸ ਵਾਲੇ ਵੀ ਐਸ ਆਦਮੀ ਦੇ ਆਰ ਆ - ਮਰਨੀ ਨਾਲ ਆਉਂਦੇ ਨੇ!"

" ਉਹ ਵਿਚਾਰੇ ਵੀ ਕੀ ਕਰਨ - ਬਚਿਆ ਕਿਸੀ ਬਾਂਹੀ ਕਾਹਦਾ ਪੈਂਦਾ ਹੋਊ ਉਹਨਾਂ ਨੂੰ " ਦਇਆ ਕੌਰ ਤੋਂ ਬੋਲਣੋਂ ਨਾਂ ਰਿਹਾ ਗਿਆ।

" ਉਹ ਤੂੰ ਚੰਗੀ ਰਿਹਾ ਕਰ ਵੱਡੀਏ ਪੁਲੀਸ ਵੀਏ ਹਮਦਰਦੇ" ਹਰਨਾਮ ਸਿੰਘ ਨੇ ਉਹਨੂੰ ਚੁੱਪ ਕਰਾਉਣ ਲਈ ਝਿੜਕਿਆ। ਹਰਨਾਮ ਸਿੰਘ ਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਉਹ ਕੀ ਕਰੇ। ਜੇ ਦਇਆ ਕੌਰ ਚੁੱਪ ਕਰ ਜਾਂਦੀ ਤਾਂ ਉਹਨੇ ਖੁਦ ਕੁਝ ਕਹਿਣਾ ਸ਼ੁਰੂ ਕਰ ਦੇਣਾ ਸੀ ਕਿਉਂਕਿ ਚੁੱਪ ਤਾਂ ਉਹਨੂੰ ਉਦਾਂ ਵੀ ਖਾਣ ਨੂੰ ਆਉਂਦੀ ਸੀ ਪਰ ਜਦੋਂ ਵੀ ਦਇਆ ਕੌਰ ਕੁਝ ਕਹਿੰਦੀ, ਉਹ ਖਿਝ ਕੇ ਉਹਨੂੰ ਚੁੱਪ ਕਰਨ ਲਈ ਕਹਿੰਦਾ।

ਦਇਆ ਕੌਰ ਹੋ ਕੇ ਪਲ ਚੁੱਪ ਰਹਿ ਕੇ ਮਗਰੋਂ ਫਿਰ ਬੋਲੀ," ਮੈਂ ਕਿਹਾ ਵੇਖ ਨੂੰ ਵੀ ਫੋਨ ਕਰ ਦਿਓ..." ਹਰਨਾਮ ਸਿੰਘ ਨੇ ਫੇਰ ਉਹਦੀ ਗੱਲ ਨੂੰ ਵਿਚੋਂ ਕਟਦਿਆਂ ਕਿਹਾ," ਵੇਖ ਇਥੇ ਆ ਕੇ ਕੀ ਕਰੂਗਾ ਅੱਧੀ ਰਾਤੀਂ - ਨਾਲੇ ਸਵੇਰੇ ਕੰਮ ਤੇ ਜਾਣਾ ਜਾਵੇ ਉਹਨੇ" ਹਰਨਾਮ ਸਿੰਘ ਇਨ੍ਹਾਂ ਕਹਿ ਕੇ ਫੇਰ ਚੁੱਪ ਕਰ ਗਿਆ ਤੇ ਸੋਚੀਂ ਪੈ ਗਿਆ। ਪਰ ਦਇਆ ਕੌਰ ਕੋਲੋਂ ਤਾਂ ਜਿਵੇਂ ਖਮੋਸ਼ੀ ਜਰਾਨੀ ਨਹੀਂ ਸੀ ਜਾਂਦੀ। ਉਹ ਫਿਰ ਆਪਣੇ ਅੰਦਰ ਦੀ ਗੁਬਾਰ ਕੱਢਣ ਲੱਗੀ," ਮੈਂ ਤਾਂ ਕਹਿੰਦੀ ਆਂ ਸਦੇ ਧੀਆਂ ਆਰ ਵੇਸੋਂ ਹੋਜੂੰ ਧੀਆਂ ਹੋਣ੍ਹਾਂ ਇੰਡੀਆ ਆਏ ਆ ਇਹਨਾਂ ਨੇ ਪਤਾ ਨੀ ਕੀ ਕਰ ਤਾ - ਹੁਣ ਤਾਂ ਇੱਕੋ ਮਨ੍ਹੇ ਢਹ ਵਸੂਗਾ ਆ - ਨਹੀਂ ਤਾਂ ਅੱਗੇ ਵੀ ਸੋਹਣੇ ਇੱਕੋ ਹੀ ਸੀਗੇ - ਅੱਖ ਚੁੱਕ ਕੇ ਨਹੀਂ ਸੀ ਵੇਖਦੇ। ਮੈਂ ਤਾਂ ਕਹਿੰਦੀ ਆਂ ਇਹ ਜਿਹੜੀ ਨਵੀਂ ਸਰੀਰ ਦੇਸੋਂ ਆਈ ਆ ਏਨੇ ਪਹਿਲਾਂ ਕਿੰਨੀ ਚੰਗੀ ਆ ਫੇਰ ਜੇਡੇ ਇਸਨੇ ਜਿਥੇ ਹੋਏ ਸਾਡੇ ਮਹੱਲਿਆਂ 'ਤੇ ਵੀ ਗੁੱਸਾ ਕੱਢਦੇ ਆ" ਦਇਆ ਕੌਰ ਇਸ ਮੁਸੀਬਤ ਦਾ ਆਪਣੀ ਵੱਲੋਂ ਕਾਰਨ ਲੱਭ ਰਹੀ ਸੀ।

ਹਰਨਾਮ ਸਿੰਘ ਵੀ ਬੈਠਾ ਸੋਚ ਰਿਹਾ ਸੀ ਕਿ ਇਹ ਸਭ ਆਖਰ ਹੋ ਕਿਉਂ? ਉਹਨੂੰ ਦਇਆ ਕੌਰ ਦੀ ਗੱਲ ਕਈ ਗੁਣੀ ਠੀਕ ਜਾਪਣ ਲੱਗ ਪਈ ਕਿਉਂਕਿ ਅੱਗੇ ਤਾਂ ਉਹਨਾਂ ਨਾਲ ਏਦਾਂ ਕਦੇ ਨਹੀਂ ਸੀ ਹੋਈ। ਉਹਨੂੰ ਵੀ ਇਥੇ ਆਏ ਨੂੰ ਵੀਹ ਸਾਲ ਹੋ ਗਏ ਸਨ। ਸਿਰਫ 'ਚ ਜਾਂ ਹੋਰ ਕੈਸਾਂ ਕਾਰਾਂ ਤੇ ਗੁੱਸੇ ਇਥਲੇ ਨੂੰ ਉਹਨੇ ਕਰੇ ਸੌਖਿਆ ਵੀ ਨਹੀਂ ਸੀ। ਇਸ ਤਰ੍ਹਾਂ ਦਾ ਇਤਕਾਂ ਕਰਨਾ ਉਹ ਗੋਰਿਆਂ ਦਾ ਹੱਕ ਸਮਝਦਾ ਸੀ।" ਅਜੀ ਕਈ ਕਾਲਾਂ ਛੁਰੀਆਂ ਨੂੰ ਆਪਣੇ ਉੱਤੇ ਨੇੜੇ ਨਹੀਂ ਸੀ ਆਉਣ ਦਿੱਤਾ। ਜੋੜ ਵੀ ਤਾਂ ਆਪਣੀ ਸਾਰੀ ਕਰ ਦੀ

ਸਕਦੇ ਆ – ਉਹ ਗੰਭੀਰ ਹੋਏ।" ਉਹ ਅਕਸਰ ਇਸ ਕਿਸਮ ਦੀ ਵਕੀਲ ਬਾਜ਼ੀ ਵਰਤਦਾ। ਆਪ-
ਣੇ ਆਪ ਨੂੰ ਉਹਨੇ ਕਦੀ ਲੋਕਿਆਂ ਦੇ ਬਰਾਬਰ ਨਹੀਂ ਸੀ ਸਮਝਿਆ। ਲੋਕਿਆਂ ਨੂੰ ਉਹ ਗਲ
ਕਰਨ ਵਾਲੇ ਹੀ ਸਮਝਦਾ। ਜਦੋਂ ਦਾ ਉਹ ਏਥੇ ਆਇਆ ਸੀ ਉਹਨੇ ਤਣ ਕੇ ਸਿਰ 'ਚ ਕੰਮ
ਕੀਤਾ ਸੀ ਤੇ ਇਥੇ ਦੀ ਤੇ ਪਿੰਡ ਦੀ ਵਾਹਵਾ ਜਾਇਦਾਦ ਬਣਾ ਲਈ ਸੀ। ਗਰਮਜੋਸ਼ੀ, ਆਜ਼ਾਦਗੀ
ਜਜ਼ਬੀ ਇਕਰਕਾ ਜਾਂ ਇਸ ਤਰ੍ਹਾਂ ਦੀਆਂ ਹੋਰ ਗੱਲਾਂ ਉਹਨੇ ਕਦੀ ਸੋਚੀਆਂ ਹੀ ਨਹੀਂ ਸਨ। ਹੁਣ
ਉਹਨੂੰ ਪੈਨਸ਼ਨ ਮਿਲਦੀ ਸੀ ਤੇ ਜ਼ਮੀਨਾਂ ਨੂੰ ਉਹ ਠੇਕਾ 'ਤੇ ਚੋਖਾ ਚਾਰਦਾ। ਹੁਣ ਦੀ ਵਰਿਆਮ
ਕੌਰ ਦੇ ਜਾਂ ਤੇ ਹਰ ਕੰਮ ਸੀ ਤੇ ਵਾਹਦਾ ਇਸ ਕਦੀ ਹੋਈ ਜਾਂਦੀ ਸੀ। ਉਹ ਚੋਣ ਜੀ ਦੇ ਦੇਣ
ਹੱਥ ਚ ਜਾਂ ਲੈਂਦੇ ਜਾਂ ਕਿਸੇ ਨਾਲ ਥਾਂ ਪਾਣੀ ਕਰਦੇ ਜਾਂ ਕਮਾਉਂਦੇ। ਪਰ ਹੁਣ ਜਦੋਂ ਤੋਂ ਉਹਨਾਂ
ਦੇ ਘਰ ਦੇ ਸ਼ੀਸ਼ੇ ਟੁੱਟਣ ਲੱਗਣ ਦਾ ਚੱਕਰ ਸ਼ੁਰੂ ਹੋਇਆ ਹੈ ਉਹ ਅਕਸਰ ਸੋਚਦਾ ਕਿ ਜੇ
ਮਰਦਾ ਪਈ ਇਹ ਸਭ ਕੁਝ ਕਿਉਂ ਹੋ ਰਿਹਾ ਹੈ। ਉਹਨੂੰ ਇਸ ਗੱਲ ਦੀ ਸਮਝ ਨਹੀਂ ਸੀ ਆਉਂ-
ਦੀ ਪਈ ਇਹ ਮੁੰਡੇ-ਕੁੜੀਆਂ ਜਮਾਤਾਂ ਨੂੰ ਕਿਉਂ ਤੰਗ ਕਰਦੇ ਆ।

ਪਿਛਲੀ ਵਾਰੀ ਜਦੋਂ ਉਹਨਾਂ ਦੇ ਘਰ ਦੇ ਸ਼ੀਸ਼ੇ ਟੁੱਟੇ ਸਨ ਤਾਂ ਕੁਝ ਪੰਜਾਬੀ ਲੋਕਲ
ਉਹਨਾਂ ਕੋਲ ਆਏ ਸਨ। ਉਹ ਕਿਉਂ ਇਹ ਹਰਨਾਮ ਸਿੰਘ ਨਾਲ ਸੁਹਿਰਦ ਇਤਫ਼ਾਕ ਦੀਆਂ ਗਰਮੀਆਂ
ਦੀਆਂ, ਆਰਥਿਕ ਢੰਗ 'ਚ ਆਉਂਦੇ ਉਤਰਾਂ ਚੜ੍ਹਾਂ ਦੀਆਂ ਗੱਲਾਂ ਕਰਕੇ ਤੇ ਪਿਤਰੀਆਂ
ਹਰਨਾਮ ਸਿੰਘ ਨੂੰ ਧਰੀਆਂ ਅਸੀਸ ਲੈਣ ਗਈਆਂ ਸਨ। ਹਰਨਾਮ ਸਿੰਘ ਨੂੰ ਉਹਨਾਂ ਦੀ ਕੋਈ
ਵੀ ਗੱਲ ਚੰਗੀ ਨਹੀਂ ਸੀ ਲੱਗੀ। ਅੰਦਰੋਂ ਉਹ ਵੀ ਵਰਿਆਮ ਕੌਰ ਵਾਂਗ ਇਹੀ ਸਮਝਦਾ ਸੀ
ਕਿ ਇਹ ਸਾਰੀ ਗੜਬੜ ਕਾਲੇ ਆਏ ਇਮੀਗਰਾਂ ਕਰਕੇ ਹੀ ਹੈ। ਉਹਨਾਂ ਮੁੰਡਿਆਂ ਦੇ ਜਾਣ ਬਾ-
ਦ ਉਹਨੇ ਵਰਿਆਮ ਕੌਰ ਨੂੰ ਕਿਹਾ ਸੀ, "ਇਹ ਮਹੀਰ ਦਾ ਸਿਰ ਨੀ ਫਿਰਾਏ – ਸਾਲੇ
ਗੋਰੀ ਹੋਣੀ ਤਾਂ ਵੀ ਆਏ ਲੱਗ ਪਏ ਸਾਡੇ ਧਰਮਾਉਣੇ ਦੀ ਨਹੀਂ ਸਾਰ ਲੈਂਦੇ – ਅਖੇ ਇਹ
ਗੋਰੇ ਪਿਛੇ ਨੈਸ਼ਨਲ ਫਰੰਟ ਦਾ ਹੱਥ ਹੁੰਦਾ ਆ – ਇਹਨਾਂ ਨੇ ਅਸੀਂ ਨੂੰ ਦੇਣਾ ਹੁੰਦਾ ਆ –
ਅਖੇ ਸਰਕਾਰ ਤੇ ਪੁਲੀਸ ਰਲ ਕੇ ਗੋਰਿਆਂ ਦੀ ਤਰਫ਼ਦਾਰ ਆ – ਜਾਂ ਸਾਲੇ ਜਦੋਂ ਪਤਾਨੂੰ।"

ਹਰਨਾਮ ਸਿੰਘ ਆਪਣੀ ਸੋਚ 'ਚ ਡੁੱਬਿਆ ਬੈਠਾ ਸੀ। ਵਰਿਆਮ ਕੌਰ ਨੇ ਉਹ-
ਨੂੰ ਇੱਕ ਵੇ ਵਾਰੀ ਕਿਹਾ, "ਮੈਂ ਕਿਹਾ, -ਵਦ ਦੇ ਬਾਰੀਆਂ ਇੱਕ ਵਾਰੀ ਫੇਰ ਦੇਖ ਆਵੇ – ਉਹ
ਤਾਂ ਖੜ੍ਹਕੇ ਵੀ ਨਹੀਂ।" ਹਰਨਾਮ ਸਿੰਘ ਘੁਰਘੁਰ ਕਰਦਾ ਉੱਠਿਆ ਤੇ ਇੱਕ ਵਾਰੀ ਫੇਰ ਦੇਖ ਘੁਮਾ-
ਉਣ ਲੱਗਾ। ਅਜਿਹੇ ਪਹਿਲਾ ਵਾਸ ਦੀ ਲਗਾਤ ਸੀ ਉਸ ਉਹਨਾਂ ਨੂੰ ਪਤਾ ਪਤਾ ਸੀ ਪਈ ਪੁਲੀ-
ਸ ਦੇ ਆਉਣ ਜਾਂ ਆਉਣ ਨਾਲ ਕੋਈ ਫ਼ਰਕ ਨਹੀਂ ਸੀ ਪੈਣਾ। ਜਾਂ ਤਾਂ ਟੁੱਟਾ ਸ਼ੀਸ਼ਾ ਗੁਆਚਣਾ ਸੀ
ਤੇ ਜਾਂ ਉਹਨਾਂ ਦੇ ਅੰਦਰ ਦੀਆਂ ਤੁੰਮਾਂ ਮਿਟਣੀਆਂ ਸਨ। ਪਰ ਉਹ ਹੋਰ ਕਰ ਵੀ ਕੀ ਸਕਦੇ
ਸਨ?

ਵਰਿਆਮ ਕੌਰ ਨੇ ਚੁੱਪ ਨੂੰ ਤੋੜੀ ਰੱਖਣ ਲਈ ਹੋਰ ਕਹਾਣੀ ਛੋਹ ਲਈ ਸੀ "ਕਰੂ
ਜਦੋਂ ਮੈਂ ਬੈਂਕ ਨੂੰ ਗਈ ਤਾਂ ਉੱਥੇ ਚਾਰ ਪੁਲੀਸ ਹੀ ਪੁਲੀਸ ਤੁਰੀ ਫਿਰੇ – ਸੱਤ ਅੱਠ ਕਾਲਾਂ ਹੋਣ-
ਗੀਆਂ ਬੈਂਕ ਦੇ ਅਗੇ ਖੜੀਆਂ ਕਾਰਾਂ ਦੇ ਕੁੱਲ ਰਹੀਆਂ। ਉਹਨਾਂ ਬੈਂਕ ਦੇ ਸਾਰੇ ਦਰਵਾਜ਼ੇ ਬੰਦ
ਕੀਤੇ ਹੋਏ ਸਨ। ਪਸੰਦੀਲ ਫੇਰ ਕਦੀ ਪੁਲਸੀਏ ਇਧਰ ਉਧਰ ਭੱਜੇ ਫਿਰਨ। ਫੇਰ ਉਹਨਾਂ ਇੱਕ ਦਮ
ਸਾਰੇ ਦਰਵਾਜ਼ੇ ਖੋਲ੍ਹ ਦਿੱਤੇ ਤੇ ਹੌਲੀ ਹੌਲੀ ਪੁਲਸੀਏ ਆਪੋ ਆਪਣੀਆਂ ਕਾਰਾਂ ਲੈ ਕੇ ਗਏ। ਫੇ
ਇੱਕ ਅੰਦਰ ਸਨ ਉਸ ਨਾਲ ਇਕ ਵਾਰ ਇਕੀ [illegible] ਕਿਸੀ ਵਾਰੀ ਨਾਲ ਆਰ ਬੋਤ ਪਿਉ ਹੋਏ
ਪਏ – ਉੱਚੀ ਉੱਚੀ ਗੱਲਾਂ ਕਰਨ ਤੇ ਹੱਸਣ। ਮੈਂ ਬੈਂਕ ਵਿਚ ਕਲਾਉਣ ਲੱਗੀ ਨੇ "ਟੈਲਰ" ਤੋਂ ਪੁੱਛਿਆ
ਤਾਂ ਕਹਿੰਦੀ ਇੱਕ ਕਾਲੀ ਕੋਲੋਂ ਅਸਲੀ ਨਾਲ ਪੁਲੀਸ ਦਾ ਕਰਨ ਚਰਿੱਤਰ ਕਿਆ ਸੀ" ਹਰਨਾਮ ਸਿੰਘ
ਲੋਕੀਂ ਪਿਆਲਾ ਚੁੱਪ ਚਾਪ ਬੈਠਾ ਸੀ। ਉਹਨੇ ਵਰਿਆਮ ਕੌਰ ਦੀ ਗੱਲ ਸੁਣ ਲਈ ਸੀ। ਉਹਨੂੰ ਕੁਝ
ਗੁੱਸਾ ਆ ਗਿਆ ਸੀ। ਉਹ ਸੋਚ ਰਿਹਾ ਸੀ ਕਿ ਜੇ ਬੈਂਕ ਵਿਚ ਕਿਸੇ ਤੋਂ ਗਲਤੀ ਨਾਲ ਵੀ ਕਦਨ
ਫੇਰ ਹੋ ਜਾਵੇ ਤਾਂ ਪੂਰੀ ਦੀ ਪੂਰੀ ਅੰਦਰ ਹੱਕਦਾਰਾਂ ਸਮੇਤ ਉਥੇ ਪਹੁੰਚ ਜਾਂਦੀ ਆ। ਪਰ ਇਥੇ
ਜਮਾਤਾਂ ਨੂੰ ਕਾਹਦੇ ਕੋਈ ਅੱਧੀ ਰਾਤੀਂ ਆਕੇ ਕੁੱਟ ਜਾਵੇ ਇਹ ਦੀ ਸਾਰੇ ਅਜਨੀ ਸਨ ਦੀ ਆ-
ਉਂਦਾ। ਉਹ ਮੁੰਡੇ ਦੀ ਇਹਨਾਂ ਦੀਆਂ ਹੀ ਗੱਲਾਂ ਕਰਦੇ ਸੀ ਪਈ ਇਹ ਅਮੀਰਾਂ ਦੀ ਸਰਕਾਰ ਅਮੀ-
ਰਾਂ ਦੀ ਰਾਖੀ ਕਰਦੀ ਹੈ ਆਮ ਲੋਕਾਂ ਦੀ ਇਹਨਾਂ ਨੂੰ ਕੀ ਪਰਵਾਹ ਆ। ਵਰਿਆਮ ਕੌਰ ਦੀ ਗੱਲ
ਦਾ ਉਹਨੂੰ ਮੁੰਡਿਆਂ ਦੀ ਗੱਲਬਾਤ ਨਾਲ ਕੁਝ ਕੁਝ ਸੰਬੰਧ ਜੁੜਦਾ ਜਾਪਿਆ। ਉਹਨੂੰ ਚੇਤਾ ਆਇਆ
ਉਸ ਦਿਨ ਗਲਾਸ ਵਿਚ ਅਜਿਹੀ ਰਾਤੀਂ ਦੀ ਗੱਲਾਂ ਕਰਦੇ ਸੀਗੇ – ਅਖੇ ਜਾਰਰਾਤੇ ਵਾਲਿਆਂ ਨੇ ਦੋ ਇਕ
ਗੋਰਿਆਂ ਦੇ ਹੱਥਾਂ ਸਿਰਕੇ ਆਉਂਦੇ ਜਾਵਿਆਂ ਨੂੰ ਸਾਡੂੰ ਫੜਦੇ ਸੀਗੇ – ਫੇਰ ਕੇ ਪੁਲੀਸ ਵਾਲਿਆਂ
ਨੂੰ ਦੇ ਦਿੱਤੇ ਤੇ ਪੁਲੀਸ ਵਾਲਿਆਂ ਉਹਨਾਂ ਦੇ ਫੋਮਪਿਆਂ ਦੀ ਮੁੱਤੋਂ ਸਾਰ 'ਤੋਂ [illegible] ਦਿੱਤੇ। ਉਹਨੂੰ ਇਨ੍ਹਾਂ
ਸਾਰੀਆਂ ਗੱਲਾਂ ਦਾ ਆਪਸ ਵਿਚ ਸੰਬੰਧ ਜਾਪਿਆ।

ਬਾਹਰ ਧੁੱਪ ਤੇ ਹੌਲੀ ਟੱਕ ਟੱਕ ਨੇ ਹਰਨਾਮ ਸਿੰਘ ਦੀਆਂ ਸੋਚਾਂ ਨੂੰ ਉਥਾ ਦਿੱਤਾ
ਉਹਨੇ ਉੱਠ ਕੇ ਬੂਹਾ ਖੋਲ੍ਹਿਆ। ਦੋ ਪੁਲੀਸ ਅਫ਼ਸਰ ਅੰਦਰ ਆਏ। ਉਹਨਾਂ ਨੇ ਆਪਣੇ ਹੈਟ
ਲਾਹ ਕੇ ਆਪਣੇ ਹੱਥਾਂ 'ਚ ਫੜ ਲਏ। ਇੱਕ ਪੁਲਸੀਆ ਹਰਨਾਮ ਸਿੰਘ ਹੋਰਾਂ ਕੋਲੋਂ ਸਵਾਲ ਪੁੱਛਣ
ਲੱਗਾ," ਕਿੰਨੇ ਵਜੇ ਸ਼ੀਸ਼ਾ ਟੁੱਟਿਆ? ਕੌਣ ਸਨ? ਤੁਸੀਂ ਉਹਨਾਂ ਚੋਂ ਕਿਸੇ ਨੂੰ ਦੇਖਿਆ? ਤੁਸੀਂ ਕਿਸੇ
ਨੂੰ ਜਾਣਦੇ ਹੋ? ਆਦਿ। ਨਾਲ ਨਾਲ ਸਵਾਲ ਉਹ ਆਪਣੀ ਨਿੱਕੀ ਜਿਹੀ ਕਾਪੀ ਵਿਚ ਕੁਝ ਨੋਟ
ਕਰੀ ਜਾ ਰਿਹਾ ਸੀ। ਦੂਜਾ ਪੁਲਸੀਆ ਸ਼ੀਸ਼ੇ ਦੀ ਥਾਂ ਲੇ ਦੁਆਲੇ ਪਏ ਟੁੱਕ ਟੁੱਕ ਕੇ ਦੇਖਣ ਲੱਗ ਪਿ-
ਆ। ਕੁਝ ਮਿੰਟਾਂ ਵਿਚ ਹੀ ਉਹ ਦੋਵੇਂ ਪੁਲਸੀਏ ਆਪਣਾ ਕੰਮ ਮੁਕਾ ਕੇ ਬਾਹਰ ਨਿਕਲ ਗਏ। ਜਾ-
ਣ ਲੱਗੇ ਕਹਿ ਗਏ," ਤੁਸੀਂ ਸਵੇਰੇ ਇੰਸ਼ੋਰੈਂਸ ਵਾਲਿਆਂ ਨੂੰ ਫ਼ੋਨ ਕਰਕੇ ਸ਼ੀਸ਼ਾ ਪਵਾ ਲਿਓ ਤੇ ਅਸੀਂ
ਸ਼ੀਸ਼ੇ ਤੋੜਨ ਵਾਲਿਆਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰਾਂਗੇ।

ਜਦੋਂ ਦੋਵੇਂ ਅਫ਼ਸਰ ਬਾਹਰ ਨਿਕਲੇ ਹਰਨਾਮ ਸਿੰਘ ਨੇ ਕਾਹਲੀ ਕਾਹਲੀ ਬੂਹਾ
ਬੰਦ ਕਰ ਦਿੱਤਾ ਜਿਵੇਂ ਡਰਦਾ ਹੋਵੇ ਕਿ ਉਹ ਫੇਰ ਵਾਪਸ ਅੰਦਰ ਨਾ ਆ ਜਾਣ।

# ਕਲਾ ਸਮਾਜ ਤੇ ਰਾਜਨੀਤੀ

ਗੁਰਬਖ਼ਸ਼ ਜੌਸ

## ਕਲਾ ਦਾ ਮੁੱਢ ਅਤੇ ਪਿਛੋਕੜ

ਮੈਕਸਿਮ ਗੋਰਕੀ ਨੇ ਆਪਣਾ ਸਾਹਿਤਕ ਅਨੁਭਵ ਪ੍ਰਗਟ ਕਰਦਿਆਂ ਇਕ ਥਾਂ ਲਿਖਿਆ ਹੈ "ਆਦਮੀ ਦਾ ਸ਼ਿਲਪ ਤਾਂ ਜੋ ਕੋਈ ਵੀ ਹੋਵੇ ਉਸਨੂੰ ਇਸਦੇ ਵਿਕਾਸ ਦੇ ਇਤਿਹਾਸ ਦੀ ਜਾਣਕਾਰੀ ਹੋਣੀ ਜ਼ਰੂਰੀ ਹੈ। ਜੇ ਕਿਸੇ ਦਸਤਕਾਰੀ ਜਾਂ ਕਾਰਖ਼ਾਨੇ ਵਿਚ ਮਜ਼ਦੂਰਾਂ ਨੂੰ ਇਹ ਪਤਾ ਲੱਗ ਜਾਵੇ ਕਿ ਕਿਵੇਂ ਇਸਦਾ ਮੁੱਢ ਬੱਝਾ ਤੇ ਕਿਵੇਂ ਹੌਲੀ ਹੌਲੀ ਇਹ ਅਗਾਂਹ ਵਧੀ; ਕਿਵੇਂ ਪੈਦਾਵਾਰ ਵਿਚ ਪੂਰਨਤਾ ਆਈ ਤਾਂ ਉਹ ਸੱਭਿਆਚਾਰ ਦੇ ਇਤਿਹਾਸ ਵਿਚ ਆਪਣੀ ਸਿਰਜਣਾ ਨੂੰ ਚੰਗੀ ਤਰ੍ਹਾਂ ਸਮਝ ਸਕਣਗੇ ਤੇ ਵਧੇਰੇ ਜੋਸ਼ ਨਾਲ ਕੰਮ ਕਰਨ ਲੱਗ ਪੈਣਗੇ।" ਇਸੇ ਲਈ ਸਾਨੂੰ ਕਲਾ ਤੇ ਕਲਾ ਦੇ ਸਮਾਜ ਨਾਲ ਰਿਸ਼ਤੇ ਦੇ ਇਤਿਹਾਸ ਨੂੰ ਜਾਣਨਾ ਬੜਾ ਜ਼ਰੂਰੀ ਹੈ। ਜੇ ਅਸੀਂ ਮਾਨਵ ਇਤਿਹਾਸ ਦੇ ਮੁਢਲੇ ਪਿਛੋਕੜ ਵੱਲ ਵੇਖੀਏ ਤਾਂ ਅਸੀਂ ਇਸ ਸਿੱਟੇ 'ਤੇ ਪੁਜਾਂਗੇ ਕਿ ਮਨੁੱਖ ਅਤੇ ਮਨੁੱਖ ਵਿਚਕਾਰ ਵੈਰ ਦਾ ਸਿਲਸਿਲਾ ਕਬੀਲਾ-ਪ੍ਰਧਾਨ ਯੁੱਗ ਦੀ ਸਮਾਪਤੀ ਦੇ ਨਾਲ ਗੁਲਾਮਦਾਰੀ ਯੁੱਗ ਤੋਂ ਹੀ ਸ਼ੁਰੂ ਹੋ ਗਿਆ ਸੀ। ਮਾਲਕਾਂ ਅਤੇ ਗੁਲਾਮਾਂ ਵਿਚਕਾਰ ਰਿਸ਼ਤਾ ਉਸ ਸਮੇਂ ਕਿਹੋ ਜਿਹਾ ਸੀ — ਤਾਂ ਹੀ ਸਮਝਿਆ ਜਾ ਸਕਦਾ ਹੈ ਜੇ ਅਸੀਂ ਇਤਿਹਾਸ ਦੀ ਬੁਨਿਆਦ ਨੂੰ ਸਿਧਾਂਤਕ ਤੌਰ ਤੇ ਸਮਝ ਲਈਏ। ਪਰ ਇਥੇ ਇਹ ਤੱਥ ਤਾਂ ਬਿਲਕੁਲ ਸਪਸ਼ਟ ਹੀ ਹੈ ਕਿ ਇਹ ਰਿਸ਼ਤਾ ਲੋਟੂ ਅਤੇ ਲੁਟੀਂਦੇ ਇਨਸਾਨ ਵਾਲਾ ਹੀ ਸੀ। ਸਮੁੱਚੇ ਮਾਨਵ ਇਤਿਹਾਸ ਵਿਚ ਸਮਾਜ ਦੀ ਘੱਟ ਗਿਣਤੀ ਦੀ ਇਕ ਛੋਟੀ ਜਿਹੀ ਜਮਾਤ ਸਾਰੇ ਸਮਾਜਕ ਪ੍ਰਬੰਧ ਉੱਤੇ ਕਿਸੇ ਨਾ ਕਿਸੇ ਰੂਪ ਵਿਚ ਕਾਬਜ਼ ਜ਼ਰੂਰ ਸੀ। ਇਕ ਜਮਾਤ ਹੁਕਮਰਾਨ ਰਹੀ ਅਤੇ ਦੂਸਰੀ ਉਸਦੀ ਗੁਲਾਮ। ਕਾਰਲ ਮਾਰਕਸ ਨੇ ਤਾਂ ਇਥੋਂ ਤੱਕ ਕਿਹਾ ਹੈ ਕਿ ਸੰਸਾਰ ਦਾ ਸੰਪੂਰਣ ਇਤਿਹਾਸ ਸਮਾਜ ਦੀਆਂ ਲੁਟੀਂਦੀਆਂ ਤੇ ਲੋਟੂ — ਦੋ ਜਮਾਤਾਂ ਦੇ ਆਪਸੀ ਸੰਘਰਸ਼ ਤੇ ਟਕਰਾਅ ਦਾ ਇਤਿਹਾਸ ਹੈ। ਇਨ੍ਹਾਂ ਦੋ ਜਮਾਤਾਂ ਦੇ ਆਪਸੀ ਸੰਘਰਸ਼ ਦਾ ਰੂਪ ਬਦਲਣ ਨਾਲ ਸਮਾਜ ਦੀਆਂ ਕਦਰਾਂ ਕੀਮਤਾਂ ਅਤੇ ਧਾਰਨਾਵਾਂ ਦਾ ਰੂਪ ਵੀ ਬਦਲਦਾ ਰਿਹਾ ਹੈ। ਜਦੋਂ ਅਸੀਂ ਹੁਕਮਰਾਨ ਜਮਾਤ ਅਤੇ ਜਿਸ ਜਮਾਤ 'ਤੇ ਉਹ ਰਾਜ ਕਰ ਰਹੀ ਹੁੰਦੀ ਹੈ — ਦੋਨਾਂ ਦੇ ਆਪਸੀ ਰਿਸ਼ਤਿਆਂ ਦੀ ਗੱਲ ਕਰ ਰਹੇ ਹੁੰਦੇ ਹਾਂ ਤਾਂ ਅਸੀਂ ਕਿਸੇ ਨਾ ਕਿਸੇ ਪੱਖ ਤੋਂ ਰਾਜਨੀਤੀ ਦੀ ਹੀ ਗੱਲ ਕਰ ਰਹੇ ਹੁੰਦੇ ਹਾਂ। ਮਨੁੱਖ ਅਤੇ ਮਨੁੱਖ ਵਿਚਕਾਰ ਰਿਸ਼ਤਿਆਂ ਦਾ ਮਸਲਾ ਪਹਿਲਾਂ ਸਮਾਜਕ ਸੀ ਪਰ ਹੁਣ ਸਿਆਸੀ ਬਣ ਗਿਆ ਹੈ। ਇਹ ਮਸਲਾ ਸਮਾਜਕ ਤੋਂ ਸਿਆਸੀ ਇਸ ਕਰਕੇ ਹੈ ਕਿਉਂਕਿ ਸਮਾਜਕ ਪ੍ਰਬੰਧ ਨੂੰ ਚਲਾਉਣ ਵਾਲਾ ਕੇਂਦਰੀ ਧੁਰਾ ਅੱਜ ਸਟੇਟ ਹੈ। ਮਨੁੱਖ ਅਤੇ ਮਨੁੱਖ ਵਿਚਕਾਰ ਰਿਸ਼ਤੇ ਅਜੋਕੇ ਸਥਾਪਤ ਯੁੱਗ ਦੀਆਂ ਪ੍ਰਭਾਵਸ਼ਾਲੀ ਤਾਕਤਾਂ ਤੋਂ ਪ੍ਰਭਾਵਿਤ ਹੁੰਦੇ ਰਹੇ ਹਨ। ਇਸੇ ਲਈ ਇਹ ਮਸਲਾ ਕਿਸੇ ਵੀ ਲੇਖ-ਲਿਖਾਰੀ ਜਾਂ ਕਲਾਕਾਰ ਲਈ ਸਮਝਣਾ ਅਤਿ ਜ਼ਰੂਰੀ ਹੈ। ਜਿਵੇਂ ਮਨੁੱਖੀ ਸੱਭਿਅਤਾ ਦੇ ਕਿਸੇ ਪੜਾਅ 'ਤੇ ਧਰਮ ਮਨੁੱਖ ਦੀ ਸਮਾਜਿਕ ਜ਼ਰੂਰਤਾਂ ਲਈ ਹੋਂਦ ਵਿਚ ਆਇਆ ਸੀ, ਇਸੇ ਤਰ੍ਹਾਂ ਕਲਾ ਵੀ ਮਨੁੱਖ ਦੀ ਲੋੜ ਅਤੇ ਕਾਰਜ ਲਈ ਸੱਭਿਅਤਾ ਦੇ ਯੁੱਗ ਵਿਚ ਹੋਂਦ ਵਿਚ ਆਈ ਸੀ। ਪੁਰਾਤਨ ਆਦਿ-ਸਮਾਜਵਾਦੀ ਯੁੱਗ ਵਿਚ ਜਦੋਂ ਮਨੁੱਖ ਆਪਣੇ ਜੀਵਨ ਨਿਰਬਾਹ ਲਈ ਜਾਨਵਰਾਂ ਦੇ ਸ਼ਿਕਾਰ ਤੇ ਨਿਰਭਰ ਕਰਦਾ ਸੀ, ਉਦੋਂ ਕਬੀਲੇ ਦੇ ਲੋਕ ਸਮੂਹਕ ਰੂਪ ਵਿਚ ਸ਼ਿਕਾਰ ਲਈ ਜੰਗਲਾਂ ਵੱਲ ਨਿਕਲਦੇ ਸਨ ਅਤੇ ਸ਼ਿਕਾਰ ਮਾਰ ਲੈਣ ਦੀ ਜਿੱਤ ਦੀ ਖ਼ੁਸ਼ੀ ਦਾ ਜਸ਼ਨ ਨੱਚਣ ਟੱਪਣ ਅਤੇ ਗਾਉਣ ਦੇ ਰੂਪ ਵਿਚ ਪ੍ਰਗਟਾਇਆ ਕਰਦੇ ਸਨ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਮਨੁੱਖੀ ਇਤਿਹਾਸ ਵਿਚ ਕਲਾ ਦੀ ਉਤਪਤੀ ਇਕ ਸਮਾਜਕ ਜਾਂ ਸਮੂਹ ਕਾਰਜ ਵਜੋਂ ਹੋਈ ਸੀ। ਇਵੇਂ ਕਲਾ ਜਾਂ ਸਾਹਿਤ ਦਾ ਪਿਛੋਕੜ ਮਨੁੱਖ ਦੀ ਕੁਦਰਤ ਦੇ ਸਾਧਨਾਂ ਉਤੇ ਜਿੱਤ ਅਤੇ ਖ਼ੁਸ਼ੀ ਦਾ ਸਦੈ-ਪੂਰਨਾ ਹੈ।

ਇਥੇ ਅਸੀਂ ਕਲਾ ਦਾ ਅਰਥ ਬੁਨਿਆਦੀ ਤੌਰ 'ਤੇ ਕਵਿਤਾ ਜਾਂ ਕਾਵਿ-ਸਿਰਜਣਾ ਹੀ ਲਵਾਂਗੇ। ਕਵਿਤਾ ਅਤੇ ਇਸਦੇ ਸੰਗੀਤ ਰਾਹੀਂ ਮਨੁੱਖੀ ਜਜ਼ਬਿਆਂ ਦਾ ਸੂਖਮ ਅਤੇ ਗਹਿਰਾ ਪ੍ਰਗਟਾਅ ਹੀ ਨਹੀਂ ਹੁੰਦਾ, ਸਗੋਂ ਇਨ੍ਹਾਂ ਜਜ਼ਬਿਆਂ ਨੂੰ ਚੇਤਨਤਾ ਦੀ ਪਕੜ ਅਤੇ ਉਭਾਰ ਵੀ ਮਿਲਦਾ ਹੈ। ਕਵਿਤਾ ਮਨੁੱਖ ਦੇ ਦੱਬੇ ਸੁੱਤੇ ਅਤੇ ਅਣਛੋਹੇ ਜਜ਼ਬਿਆਂ ਨੂੰ ਜ਼ੁਬਾਨ ਦਿੰਦੀ ਹੈ। ਚਿਤਰਕਾਰੀ ਦੀ ਕਲਾ ਆਮ ਮਨੁੱਖ ਦੇ ਜਜ਼ਬਿਆਂ ਨੂੰ ਇਤਨੇ ਪੂਰਨ ਰੂਪ ਵਿਚ ਪ੍ਰਭਾਵਿਤ ਨਹੀਂ ਕਰਦੀ ਜਿੰਨੀ ਕਿ ਸੰਗੀਤ ਦੇ ਰੂਪ ਵਿਚ ਕਵਿਤਾ। ਚਿਤਰਕਾਰੀ ਦੇ ਰੂਪ ਵਿਚ ਚਿਤਰ ਮਨੁੱਖੀ ਭਾਵਨਾਵਾਂ ਦੀ ਗੂੰਗੀ ਭਾਸ਼ਾ ਹੀ ਕਹੀ ਜਾ ਸਕਦੀ ਹੈ। ਚਿਤਰਕਾਰੀ ਮਨੁੱਖੀ ਦਿਲ ਦੀ ਧੜਕਣ ਨੂੰ ਉਸ ਰਫ਼ਤਾਰ ਨਾਲ ਪ੍ਰੇਰਣਾ ਵੀ ਨਹੀਂ ਦਿੰਦੀ, ਜਿਸ ਨਾਲ ਕਿ ਕਵਿਤਾ ਦਿੰਦੀ ਹੈ।

ਅੱਜ ਤੋਂ ਤਿੰਨ ਕੁ ਹਜ਼ਾਰ ਸਾਲ ਪਹਿਲਾਂ ਮਹਾਨ ਸਿਧਾਂਤਕਾਰ ਅਰਸਤੂ ਨੇ ਮਨੁੱਖ ਨੂੰ ਇਕ ਸਮਾਜਕ ਪ੍ਰਾਣੀ ਕਿਹਾ ਸੀ। ਪਰ ਜੇ ਅਸੀਂ ਅੱਜ ਦੇ ਸਥਾਪਤ ਸਮਾਜਕ ਢਾਂਚੇ ਅੰਦਰ ਜੀਵਨ ਦੇ ਵਰਤਾਰੇ ਵੱਲ ਝਾਤ ਮਾਰੀਏ ਤਾਂ ਮਨੁੱਖ ਕੇਵਲ ਇਕ ਸਮਾਜਕ ਪ੍ਰਾਣੀ ਹੀ ਨਹੀਂ, ਸਗੋਂ ਕੁਝ ਹੋਰ ਵੀ ਨਜ਼ਰ ਆਉਂਦਾ ਹੈ। ਅੱਜ ਦੇ ਸਥਾਪਤ ਸਮਾਜ ਦੀ ਸਟੇਟ ਤੋਂ ਬਿਨਾਂ ਕਿਸੇ ਵੀ ਪਲ ਸਾਨੂੰ ਇਸਦੀ ਆਪਣੀ ਨਿਰਲੇਪ ਜਾਂ ਸੁਤੰਤਰ ਹੋਂਦ ਵੀ ਨਜ਼ਰ ਨਹੀਂ ਆਉਂਦੀ (ਜਿਵੇਂ ਕਿ ਇਤਿਹਾਸ ਦੇ ਕਿਸੇ ਯੁੱਗ ਵਿਚ ਸੀ) ਸਟੇਟ ਦੀ ਸਿਆਸਤ ਨੇ ਰਾਜਸੱਤਾ ਰਾਹੀਂ ਮਨੁੱਖੀ ਜੀਵਨ ਨੂੰ ਕਦੇ ਵੀ ਇਸ ਤਰ੍ਹਾਂ ਆਪਣੇ ਘੇਰੇ ਅੰਦਰ ਨਹੀਂ ਲਿਆ ਜਿਵੇਂ ਕਿ ਹਾਲਾਤ ਅੱਜ ਬਣ ਰਹੇ ਹਨ। ਅੱਜ ਦੇ ਪੂੰਜੀਵਾਦੀ ਸਮਾਜਕ ਪ੍ਰਬੰਧ ਅੰਦਰ ਰਾਜਨੀਤੀ, ਸਟੇਟ ਦੀ ਰਾਜਸੱਤਾ ਰਾਹੀਂ ਮਨੁੱਖੀ ਜੀਵਨ 'ਤੇ ਇਤਨੀ ਭਾਰੂ ਤੇ ਪ੍ਰਧਾਨ ਹੋ ਗਈ ਹੈ ਕਿ ਲੱਗਦਾ ਹੈ ਜਿਵੇਂ ਮਨੁੱਖ ਸਮਾਜਕ ਪ੍ਰਾਣੀ ਤੋਂ ਸਿਆਸੀ ਜੀਵ ਬਣ ਕੇ ਰਹਿ ਗਿਆ ਹੋਵੇ। ਇਥੇ ਸੰਖੇਪ ਵਿਚ ਇਹ ਦੱਸਣਾ ਵੀ ਦਰੁਸਤ ਰਹੇਗਾ ਕਿ ਇਹ ਸਮਾਜ ਦੀ ਅਸਲੀ ਕੁਦਰਤੀ ਅਵਸਥਾ ਨਹੀਂ ਹੈ — ਸੰਸਾਰ ਦੇ ਇਤਿਹਾਸ ਵਿਚ ਅਜੇਹੇ ਸਮਾਜ ਹੋਏ ਹਨ, ਜਿਨ੍ਹਾਂ ਵਿਚ ਸਟੇਟ ਵਰਗੀ ਕੋਈ ਸਟੇਟ ਨਹੀਂ ਸੀ। ਜਿੱਥੇ ਰਾਜਨੀਤੀ ਸਮਾਜਕ ਜੀਵਨ ਦੇ ਤਾਣੇ ਪੇਟੇ ਨੂੰ ਸਮਝਣ ਵਿਚ ਸਹਾਇਤਾ ਕਰਦੀ ਹੈ, ਉਥੇ ਕਲਾ ਮਨੁੱਖ ਦੇ ਜਜ਼ਬਾਤਾਂ, ਕਾਮਨਾਵਾਂ ਅਤੇ ਰੀਝਾਂ ਦੀ ਤਰਜਮਾਨੀ ਕਰਦੀ ਹੋਈ ਇਨ੍ਹਾਂ ਨੂੰ ਸਹੀ ਸੇਧ ਦਿੰਦੀ ਹੈ। ਇਸੇ ਲਈ ਕਿਸੇ ਵੀ ਕਲਾਕਾਰ, ਲੇਖਕ ਜਾਂ ਕਵੀ ਲਈ ਕਲਾ ਨੂੰ ਠੀਕ

ਪ੍ਰਸੰਗ ਵਿਚ ਸਮਝਣ ਲਈ ਇਸਲਾਮ ਦੀ ਸਿਧਾਂਤਕ ਜਾਣਕਾਰੀ ਅਤਿ ਜ਼ਰੂਰੀ ਹੈ। ਗੋਰਕੀ ਅਨੁਸਾਰ ਲੇਖਕ ਦਾ ਦ੍ਰਿਸ਼ਟੀਕੋਣ ਇਹ ਹੋਣਾ ਚਾਹੀਦਾ ਹੈ "ਜਿਵੇਂ ਮਨੁੱਖ ਅੱਜ ਹੈ, ਉਸ ਰੂਪ ਵਿਚ ਹੀ ਨਹੀਂ, ਸਗੋਂ ਜਿਵੇਂ ਮਨੁੱਖ ਨੂੰ ਹੋਣਾ ਉਸ ਪੱਖੋਂ ਵੀ ਵੇਖਣਾ ਚਾਹੀਦਾ ਹੈ।"

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਿਉਂ ਜਿਉਂ ਸਟੇਟ ਆਪਣੀ ਹਕੂਮਤ ਦਾ ਸ਼ਿਕੰਜਾ ਮਜ਼ਬੂਤ ਕਰਨ ਵੱਲ ਅੱਗੇ ਵਧੀ ਹੈ, ਤਿਉਂ ਤਿਉਂ ਇਹ ਲੋਕਾਂ ਤੋਂ ਟੁੱਟ ਕੇ ਦੂਰ ਹੁੰਦੀ ਗਈ ਹੈ। ਜਦੋਂ ਇਹ ਮਜ਼ਬੂਤ ਹੋਣ ਲਈ ਅਗਾਂਹ ਵਧੀ ਹੈ, ਇਹ ਆਮ ਲੋਕਾਂ ਦੇ ਜੀਵਨ ਤੋਂ ਨਿਖੜਕੇ ਆਪਣੇ ਹੀ ਘੇਰੇ ਅੰਦਰ ਬੰਦ ਹੁੰਦੀ ਗਈ ਹੈ। ਇਕ ਜਗੀਰਦਾਰੀ ਦੇ ਦੌਰ ਤੋਂ ਅੱਜ ਹਕੂਮਤ ਦੀ ਸਥਿਤੀ ਏਥੇ ਤਕ ਆ ਗਈ ਹੈ ਕਿ ਦੇਸ਼ ਦੀ ਪਾਰਲੀਮੈਂਟ ਅਸੈਂਬਲੀ ਅਤੇ ਕਾਨੂੰਨਸਾਜ਼ੀਆਂ ਦਾ ਲੋਕਾਂ ਨੂੰ ਉੱਕਾ ਹੀ ਪਤਾ ਨਹੀਂ ਲੱਗ ਰਿਹਾ। ਕਿੰਨੀ ਅਜੀਬ ਗੱਲ ਹੈ ਕਿ ਇਕ ਪਾਸੇ ਤਾਂ ਸਟੇਟ ਸਮਾਜਕ ਜੀਵਨ 'ਤੇ ਦੇਸੀ ਹੱਥ ਤੰਗ ਕਰ ਰਹੀ ਹੈ ਪਰ ਦੂਜੇ ਪਾਸੇ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਅੱਜ ਦੀ ਸਟੇਟ ਮਸ਼ੀਨਰੀ ਲੋਕਾਂ ਦੇ ਸਮਾਜਕ ਜੀਵਨ ਨਾਲੋਂ (ਇਥੇ ਮੇਰਾ ਭਾਵ ਕਿਰਤੀ ਲੋਕਾਂ ਦੀ ਹੈ) ਟੁੱਟ ਕੇ ਆਪਣੀ ਇਕ ਸਵੈ-ਕੇਂਦਰਤ 'ਸੁਤੰਤਰ' ਹੋਂਦ ਕਾਇਮ ਕਰ ਚੁੱਕੀ ਹੈ। ਇਥੇ ਅੱਜ ਆਮ ਲੋਕ ਤਾਂ ਕੀ ਉੱਚ ਪੱਧਰ ਦੀ ਪੜ੍ਹੀ ਲਿਖੀ ਕੋਈ ਨੂੰ ਵੀ ਅੱਜ ਦੇ ਅਰਧ-ਪੂੰਜੀਦਾਰੀ ਅਤੇ ਅਰਧ-ਜਗੀਰੂ ਸਮਾਜਕ ਢਾਂਚੇ ਦੇ ਪੂਰੇ ਰੋਲ ਅਤੇ ਖੇਡ ਦੀ ਸਮਝ ਨਹੀਂ ਆ ਰਹੀ। ਅਜੇਹੀ ਹਾਲਤ ਸਮਾਜਕ ਸਥਿਤੀ ਅੰਦਰ ਇਕ ਕਲਾਕਾਰ ਅਤੇ ਲੇਖਕ ਦਾ ਕੰਮ ਬੜੀ ਜ਼ਿੰਮੇਵਾਰੀ ਦਾ ਹੈ। ਉਸਨੂੰ ਸਾਰੇ ਸਿਆਸੀ ਅਤੇ ਆਰਥਕ ਮਸਲਿਆਂ ਨੂੰ ਸੁਚੇਤ ਰੂਪ ਵਿਚ ਸਮਝ ਕੇ ਲੋਕਾਂ ਵਿਚ ਪੇਸ਼ ਕਰਨਾ ਪਵੇਗਾ ਜਿਹੜੇ ਉਨ੍ਹਾਂ ਨੂੰ ਕਈਂ ਪਾਸਿਆਂ ਤੋਂ ਦਬਾਉਂਦੇ ਹਨ, ਜੇ ਉਸਨੇ ਅੱਜ ਦੇ ਸਮਾਜਕ ਪ੍ਰਬੰਧ ਨੂੰ ਬਦਲਣ ਲਈ ਕੋਈ ਇਤਿਹਾਸਕ ਰੋਲ ਅਦਾ ਕਰਨਾ ਹੈ। ਉਸਨੂੰ ਇਹ ਵੀ ਸਮਝ ਕੇ ਚੱਲਣਾ ਪਵੇਗਾ ਕਿ ਜੇ 1947 ਤੋਂ ਪਹਿਲਾਂ ਸਾਡਾ ਸਮਾਜ ਬਸਤੀਵਾਦੀ ਸਾਮਰਾਜ ਦੀ ਬਸਤੀਦਾਰੀ ਲੁੱਟ ਦਾ ਪ੍ਰਤੱਖ ਰੂਪ ਵਿਚ ਸ਼ਿਕਾਰ ਸੀ ਤਾਂ ਅੱਜ ਇਹ ਵਿਦੇਸ਼ੀ ਸਾਮਰਾਜ ਦੀਆਂ ਨਵ-ਤਾਕਤੀਆਂ ਦੀ ਅਰਧ-ਬਸਤੀਦਾਰੀ ਲੁੱਟ ਦਾ ਅਪ੍ਰਤੱਖ ਰੂਪ ਵਿਚ ਸ਼ਿਕਾਰ ਹੈ।

## ਸਾਡੀ ਸਮਾਜਕ ਸਥਿਤੀ ਅਤੇ ਕਲਾ ਦੇ ਦੋ ਪੱਖ

ਪ੍ਰਸਿੱਧ ਹਿੰਦੀ ਲੇਖਕ ਮਹੇਸ਼ਵਰੀ ਨੇ ਅੱਜ ਦੀ ਸਮਾਜਕ ਸਥਿਤੀ ਨੂੰ ਇਨ੍ਹਾਂ ਸ਼ਬਦਾਂ ਵਿਚ ਬਿਆਨ ਕੀਤਾ ਹੈ, "ਹੁਣ ਜੀ ਆਪਣੀਆਂ ਅੱਖਾਂ ਸਾਹਮਣੇ ਅਸੀਂ ਕੀ ਦੇਖ ਰਹੇ ਹਾਂ। ਜਿਹੜੇ ਲੋਕ ਪਸੀਨੇ ਨਾਲ ਫ਼ਸਲ ਉਗਾਉਂਦੇ ਹਨ, ਉਹ ਰਾਸ਼ਨ ਖ਼ਾਤਰ ਮੰਗਦੇ ਹਨ, ਘਾਹ ਅਤੇ ਆਲੂ ਖਾ ਕੇ ਪੇਟ ਭਰਨ ਦੀ ਕੋਸ਼ਿਸ਼ ਕਰਦੇ ਹਨ, ਘਰ ਅਤੇ ਦਫ਼ਤਰਾਂ ਦੀ ਇੱਟ ਚਾਂਦੇ ਹਨ, ਭੁੱਖੇ ਮਰਦੇ ਹਨ। ਜਿਹੜੇ ਲੋਕ ਹਜ਼ਾਰਾਂ ਮੀਟਰ ਟੈਰੀਲੀਨ, ਟੈਰੀਕਾਟ ਬਣਾਉਂਦੇ ਹਨ, ਉਹ ਫਟੇ ਹੋਏ ਕੱਪੜੇ ਪਾਉਂਦੇ ਹਨ। ਉਨ੍ਹਾਂ ਦੇ ਬੱਚੇ ਗਲੀਆਂ ਨਾਲੀਆਂ ਵਿਚ ਨੰਗੇ ਰੁਲਦੇ ਹਨ। ਜਿਨ੍ਹਾਂ ਲੋਕਾਂ ਨੇ ਹਜ਼ਾਰਾਂ ਜੋੜੇ ਜੁੱਤੀਆਂ ਦੇ ਬਣਾਏ ਹਨ, ਉਹ ਨੰਗੇ ਪੈਰੀਂ ਤੁਰਦੇ ਹਨ। ਜਿਨ੍ਹਾਂ ਲੋਕਾਂ ਨੇ ਆਪਣੇ ਹੱਥਾਂ ਨਾਲ ਆਲੀਸ਼ਾਨ ਕੋਠੀਆਂ ਨੂੰ ਬਹੁਤ ਰੀਝ ਨਾਲ ਸੁੰਦਰ ਅਤੇ ਠੀਕ ਬਣਾਏ ਹਨ, ਉਨ੍ਹਾਂ ਦੇ ਬੱਚੇ ਦਰ ਤੋਂ ਬਿਨਾਂ ਤਰਸ ਤਰਸ ਕੇ ਉਨ੍ਹਾਂ ਦੇ ਸਾਹਮਣੇ ਮਰ ਜਾਂਦੇ ਹਨ। ਜਿਨ੍ਹਾਂ ਨੇ ਆਪਣੇ ਜੀਵਨ ਵਿਚ ਅਨੇਕਾਂ ਕੋਠੀਆਂ ਬੰਗਲੇ ਬਣਾਏ ਹਨ, ਉਹੀ ਜਨ-ਸਮੂਹ ਜੀਵਨ ਭਰ ਝੁੱਗੀਆਂ ਵਿਚ ਸੜਦੇ ਰਹਿੰਦੇ ਹਨ, ਜਾਂ ਫਿਰ ਫੁੱਟਪਾਥਾਂ 'ਤੇ ਹੀ ਮਰ ਖਪ ਜਾਂਦੇ ਹਨ। ਇਕ ਪਾਸੇ ਸੁਖ ਤੇ ਖੁਸ਼ਹਾਲੀ ਹੈ, ਮਹਿਲਾਂ ਹਨ, ਕੁੱਤੇ ਲਈ ਅਨੇਕਾਂ ਰੋਟੀਆਂ ਰੋਟੀਆਂ ਕੀਤੀਆਂ ਹਨ, ਆਰਾਮ ਹੈ, ਸਨਮਾਨ ਹੈ; ਦੂਜੇ ਪਾਸੇ ਕਰੋੜ ਲੋਕ ਨਿਰਜਨ ਦੇ ਬਾਵਜੂਦ ਭੁੱਖ ਹੈ, ਦੁੱਖ ਹਨ, ਪ੍ਰੇਸ਼ਾਨੀਆਂ ਹਨ, ਬੇਚੈਨੀ ਹੈ, ਜ਼ਿੱਲਤ ਹੈ। ਇਕ ਪਾਸੇ ਕਾਰਾਂ, ਕੋਠੀਆਂ ਹਨ, ਸੁੰਦਰਤਾ ਹੈ, ਨਾਚ, ਖ਼ੁਸ਼ੀ ਹੈ; ਦੂਜੇ ਪਾਸੇ ਪੈਰਾਂ ਦੀਆਂ ਫਟੀਆਂ ਹੋਈਆਂ ਬਿਆਈਆਂ ਹਨ, ਪਿਆਸ ਹੈ, ਪਸੀਨਾ ਹੈ, ਹੰਝੂ ਹਨ, ਬੁਝੀਆਂ ਨਿਰਾਸ਼ ਅੱਖਾਂ ਹਨ। ਇਕ ਪਾਸੇ ਸੁਪਨਿਆਂ ਵਿਚ ਤੈਰਦੀ ਜ਼ਿੰਦਗੀ ਹੈ ਤਾਂ ਦੂਜੇ ਪਾਸੇ ਨਾਉਮੀਦੀ ਦੇ ਹਨੇਰੇ ਹਨ, ਟੁੱਟੇ ਹੋਏ ਸੁਪਨਿਆਂ ਦੇ ਖੰਡਰ ਹਨ। ਕੀ ਤੁਹਾਨੂੰ ਇਹੋ ਜਿਹੀ ਸਮਾਜਕ ਬਣਤਰ ਚੰਗੀ ਲੱਗਦੀ ਹੈ ਜਿਸ ਵਿਚ ਕੁਝ ਨਾ ਕਰਨ ਵਾਲਾ ਸਭ ਕੁਝ ਦਾ ਮਾਲਕ ਹੋਵੇ ਅਤੇ ਆਪਣੇ ਖ਼ੂਨ ਪਸੀਨੇ ਨਾਲ ਸਭ ਕੁਝ ਬਣਾਉਣ ਵਾਲਾ ਭੁੱਖਾ ਹੋਇਆ ਭੁੱਖ ਦਾ ਸਤਾਇਆ ਦਮ ਤੋੜ ਜਾਵੇ?"

ਗੱਲ ਸਪਸ਼ਟ ਹੈ ਕਿ ਸਮਾਜ ਦੇ ਕਿਸੇ ਵੀ ਬੁੱਧੀਜੀਵੀ ਜਾਂ ਇਨਸਾਫ਼-ਪਸੰਦ ਵਿਅਕਤੀ ਨੂੰ ਅਜੇਹਾ ਸਮਾਜਕ ਪ੍ਰਬੰਧ ਚੰਗਾ ਨਹੀਂ ਲੱਗ ਸਕਦਾ ਜਿਸ ਵਿਚ ਕਿਰਤੀ ਦੇ ਅਣਥੱਕ ਦਸਤਿਆਂ ਦੀ ਕਮਾਈ ਲੁੱਟੀ ਜਾਂਦੀ ਹੋਵੇ, ਇਨ੍ਹਾਂ ਦੀ ਲੁੱਟ ਵਿਚ ਹੀ ਹਰ ਰੋਜ਼ ਵਾਧਾ ਹੋ ਰਿਹਾ ਹੋਵੇ, ਇਨ੍ਹਾਂ ਲਈ ਹੀ ਖੁਸ਼ੀਆਂ ਅੰਨ੍ਹੇ ਲਿਆਉਂਦਾ ਹੋਵੇ। ਲੇਖਕ ਅਤੇ ਕਲਾਕਾਰੋ! ਜੇ ਤੁਹਾਨੂੰ ਅਜੇਹੇ ਸਮਾਜਕ ਪ੍ਰਬੰਧ ਨਾਲ ਨਫ਼ਰਤ ਹੈ ਤਾਂ ਫਿਰ ਇਹਨੂੰ ਬੁਨਿਆਦੀ ਤੌਰ 'ਤੇ ਬਦਲਣ ਦੀ ਤਾਕਤ ਲੋੜੀ ਹੈ। ਜੇ ਅਜੇਹੇ ਪ੍ਰਬੰਧ ਨੂੰ ਬਦਲਣਾ ਹੈ ਤਾਂ ਫਿਰ ਜ਼ਰੂਰ ਹੀ ਕਵੀ ਦੀ ਕਵਿਤਾ, ਲੇਖਕ ਦੀ ਰਚਨਾ ਅਤੇ ਚਿਤਰਕਾਰ ਦੇ ਚਿਤਰ ਨੂੰ ਸਮਾਜਕ ਕ੍ਰਾਂਤੀ ਲਈ ਹਥਿਆਰ ਬਣਨਾ ਪਵੇਗਾ। ਇਥੇ ਉਨ੍ਹਾਂ ਲੋਕਾਂ ਲਈ ਇਹ ਵਿਸ਼ੇਸ਼ ਤੌਰ ਤੇ ਕਹਿਣਾ ਪਵੇਗਾ ਜਿਹੜੇ ਕਵੀ ਜਾਂ ਲੇਖਕ ਨੂੰ ਇਸ ਅਸਲ-ਸਮਾਜ ਨਾਲੋਂ ਕੋਈ ਅਲੱਗ ਜਾਂ ਵਿਸ਼ੇਸ਼ ਜੀਵ ਸਮਝਦੇ ਹਨ। ਕਵੀ ਜਾਂ ਕਲਾਕਾਰ ਦੀ ਇਸ ਪ੍ਰਗਤੀਵਾਦੀ ਵਿਚਾਰ ਨਾਲੋਂ ਅਲੱਗ ਆਪਣੀ ਕੋਈ 'ਨਿਰਪੱਖ' ਹਸਤੀਆਂ ਨਹੀਂ ਹੁੰਦੀ। ਇਸ ਪ੍ਰਸੰਗ ਵਿਚ ਤੁਰਕੀ ਦੇ ਪ੍ਰਸਿੱਧ ਇਨਕਲਾਬੀ ਕਵੀ ਨਾਜ਼ਮ ਹਿਕਮਤ ਦੇ ਸ਼ਬਦ ਯਾਦ ਕਰਦੇ ਹਨ, "ਕਵੀ ਜਦ ਲਿਖਦਾ ਹੈ ਅਤੇ ਜਦ ਗੱਲ ਕਰਦਾ ਹੈ ਜਾਂ ਹਥਿਆਰ ਹੱਥ ਵਿਚ ਲੈਂਦਾ ਹੈ ਤਾਂ ਉਹ ਇਕ ਵਿਅਕਤੀ ਹੁੰਦਾ ਹੈ, ਕਵੀ ਕੋਈ ਆਸਮਾਨੋਂ ਨਹੀਂ ਉਤਰਿਆ ਕਿ ਉਹ ਲੋਕਾਂ ਵਿਚ ਆਸਮਾਨ-ਮੰਡਲ ਬਣਾਉਣ ਦੇ ਸੁਪਨੇ ਦੇਖੇ। ਕਵੀ ਸਮਾਜ ਵਿਚ ਵਿਅਕਤੀ ਹੈ, ਜੀਵਨ ਨਾਲ ਇਕ-ਮਿਕ - ਜੀਵਨ ਦਾ ਉਸਰਈਆ।" ਅਤੇ ਅੱਜ ਦੇ ਸਮਾਜ ਵਿਚ ਜਿਥੇ ਕਰੋੜਾਂ ਨਿਰਾਸ਼ਤ ਲੋਕ ਇਸ ਸਮਾਜ ਦੀ ਉਸਾਰੀ ਵਿਚ ਜੁਟੇ ਹੋਏ ਹਨ, ਅਤੇ ਕੁਝ ਅਜੇਹੇ ਕਵੀ ਅਤੇ ਲੇਖਕ ਹਨ ਜਿਹੜੇ ਕੁਝ ਕਵਿਤਾਵਾਂ ਲਿਖ ਕੇ ਜਾਂ ਛੋਟੀ ਮੋਟੀ ਕਿਤਾਬ ਦੀ ਰਚਨਾ ਕਰਕੇ ਸਮਝਣ ਲੱਗ ਪੈਂਦੇ ਹਨ ਕਿ ਉਨ੍ਹਾਂ ਨੇ ਸਮਾਜ ਦੀ ਉਸਾਰੀ ਲਈ ਬਹੁਤ ਮਹਾਨ ਕੰਮ ਕਰ ਲਿਆ ਹੈ। ਅਜੇਹੇ ਗਲਤ ਰੁਝਾਨ ਦਾ ਇਕੋ ਇਕ ਮੁੱਖ ਕਾਰਨ ਇਹ ਹੁੰਦਾ ਹੈ ਕਿ ਉਹ ਸਮਾਜ ਵਿਚ ਕਵੀਆਂ ਰਹੀਆਂ ਵਿਅਕਤੀਵਾਦੀ ਅਤੇ ਮਜ਼ਦੂਰੀ ਜਮਾਤਾਂ ਨਾਲ ਕਦੇ ਵੀ

 ਇਕ-ਸੁਰ ਨਹੀਂ ਹੋਏ ਹੁੰਦੇ। ਜਾਂ ਫਿਰ ਇਹ ਵੀ ਇਕ ਕਾਰਨ ਹੈ ਕਿ ਉਹ ਸਭ ਕੁਝ ਜਾਣਦੇ ਹੋਏ ਵੀ ਪ੍ਰੋਲੇਤਾਰੀ ਜਮਾਤ ਦੇ ਸੰਘਰਸ਼ਾਂ ਨਾਲੋਂ ਖਿਸਕੇ ਹੋਏ ਹੁੰਦੇ ਹਨ। ਅਜੇਹੇ ਲੇਖਕ ਅਤੇ ਕਲਾਕਾਰ ਆਪਣੀ ਪੇਤਲੀ ਜਿਹੀ ਸਮਝ ਦੇ ਪੈਮਾਨੇ 'ਤੇ ਹੀ ਆਪਣੀ ਸਾਹਿਤਕ ਪ੍ਰਾਪਤੀ ਅਤੇ ਸਿਰਜਣਾ ਦਾ ਮੁਲੰਕਣ ਕਰਨ ਦਾ ਸ਼ਿਕਾਰ ਹਨ। ਇਕ ਹੋਰ ਕਾਰਨ ਇਹ ਵੀ ਹੈ ਕਿ ਉਨ੍ਹਾਂ ਨੇ ਅਜੇ ਤੱਕ ਸੰਸਾਰ ਦੇ ਇਤਿਹਾਸ ਨੂੰ ਸਿਧਾਂਤਕ ਤੌਰ 'ਤੇ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕੀਤੀ।

ਸੰਸਾਰ ਵਿਚ ਕਲਾ ਦੀ ਪ੍ਰੀਭਾਸ਼ਾ ਅਤੇ ਅਰਥ ਭੌਤਿਕ ਅਤੇ ਸਮਾਜਕ ਪ੍ਰਸਥਿਤੀਆਂ ਅਨੁਸਾਰ ਬਦਲਦੇ ਰਹੇ ਹਨ। ਫਰਾਂਸ ਵਿਚ ਇਨਕਲਾਬ ਤੋਂ ਪਹਿਲਾਂ 'ਕਲਾ ਲਈ ਕਲਾ' ਦਾ ਰੁਝਾਨ ਆਪਣੇ ਪੂਰੇ ਜ਼ੋਰਾਂ 'ਤੇ ਸੀ। ਉਦੋਂ ਕਲਾ ਕੇਵਲ ਜਿਸਮੀ ਆਜ਼ਾਦੀ ਦਾ ਸਾਧਨ ਬਣ ਕੇ ਰਹਿ ਗਈ ਸੀ। ਫਰਾਂਸ ਵਿਚ ਉਸ ਯੁੱਗ ਦੇ 'ਕਲਾ ਲਈ ਕਲਾ' ਦੇ ਉਪਾਸ਼ਕਾਂ ਵਿਚੋਂ ਉਦੋਂ ਦੇ ਪ੍ਰਮੁੱਖ ਨਾਵਲਕਾਰਾਂ ਥਿਓਫਾਇਲ ਗੌਤੀਏਰ ਨੇ ਇਥੇ ਹੀ ਪ੍ਰਭਾਵ ਹੇਠ ਕਿਹਾ ਸੀ ਕਿ "ਰੈਫੇਲ (ਇਟਲੀ ਦੇ ਚਿੱਤਰਕਾਰ) ਦੇ ਬਣਾਏ ਪ੍ਰਮਾਣਿਕ ਚਿੱਤਰ ਜਾਂ ਕਿਸੇ ਸੁੰਦਰ ਇਸਤਰੀ ਨੂੰ ਨਗਨ ਰੂਪ ਵਿਚ ਦੇਖਣ ਦੀ ਖਾਤਰ ਜੇ ਮੈਨੂੰ ਫਰਾਂਸ ਦਾ ਵਸਨੀਕ ਜਾਂ ਨਾਗਰਿਕ ਹੋਣ ਦੇ ਹੱਕ ਤਿਆਗਣੇ ਵੀ ਪੈਣ ਤਾਂ ਮੈਂ ਖੁਸ਼ੀ ਨਾਲ ਤਿਆਗ ਦਿਆਂਗਾ।" ਕਲਾ ਦੇ ਉਪਯੋਗੀ ਪੱਖ 'ਤੇ ਵਿਅੰਗ ਕਰਦਾ ਹੋਇਆ ਉਹ ਕਹਿੰਦਾ ਹੈ, "ਮੈਂ ਤਾਂ ਉਨ੍ਹਾਂ ਵਿਚੋਂ ਇਕ ਹਾਂ ਜੋ ਫਾਲਤੂ ਨੂੰ ਹੀ ਜ਼ਰੂਰੀ ਮੰਨਦੇ ਹਨ। ਚੀਜ਼ਾਂ ਅਤੇ ਲੋਕਾਂ ਪ੍ਰਤੀ ਮੇਰਾ ਪਿਆਰ ਉਨਾਂ ਹੀ ਵੱਧ ਹੈ ਜਿੰਨੇ ਉਹ ਘੱਟ ਉਪਯੋਗੀ ਹਨ ਅਤੇ ਉਨ੍ਹਾਂ ਹੀ ਘੱਟ ਹੈ ਜਿੰਨੇ ਉਹ ਵੱਧ ਉਪਯੋਗੀ।" ਕੋਈ ਥੋੜ੍ਹੀ ਸੂਝ ਰੱਖਣ ਵਾਲਾ ਵਿਅਕਤੀ ਵੀ ਸਮਝ ਸਕਦਾ ਹੈ ਕਿ ਉਸ ਦੌਰ ਅੰਦਰ 'ਕਲਾ ਲਈ ਕਲਾ' ਦੇ ਉਪਾਸ਼ਕ ਕਵੀ ਅਤੇ ਲੇਖਕ ਕਿਵੇਂ ਆਤਮਕ ਉਭਾਰ ਦਾ ਸ਼ਿਕਾਰ ਹੋ ਗਏ ਸਨ। ਕਲਾ ਦੇ ਅਜੇਹੇ ਗੈਰ-ਜ਼ਿੰਮੇਵਾਰ ਰਵੱਈਏ ਵਿਰੁੱਧ ਉਦੋਂ ਦੇ ਹੀ ਕੁਝ ਲੋਕ-ਪੱਖੀ ਕਲਾਕਾਰਾਂ ਵਲੋਂ ਇਕ ਸਖ਼ਤ ਆਵਾਜ਼ ਉਠੀ ਸੀ। ਅਜੇਹੇ ਕਲਾਕਾਰਾਂ ਵਲੋਂ ਲੋਕਾਂ ਸਾਹਮਣੇ ਕਲਾ ਦਾ ਇਹ ਪੱਖ ਰੱਖਿਆ ਗਿਆ ਕਿ ਕਲਾ ਸਿਰਫ਼ ਕਲਾ ਜਾਂ ਕਲਾਕਾਰਾਂ ਲਈ ਹੀ ਨਹੀਂ, ਬਲਕਿ ਸਿਰਫ਼ ਕਵੀਆਂ ਲਈ ਹੀ ਨਹੀਂ ਸਗੋਂ ਇਸਦੇ ਇਸ ਤੋਂ ਕਿਤੇ ਉਚੇਰੇ ਉਦੇਸ਼ ਅਤੇ ਮੰਤਵ ਹਨ। ਪ੍ਰਸਿੱਧ ਰੂਸੀ ਆਲੋਚਕ ਬੇਲਿੰਸਕੀ ਨੇ ਠੀਕ ਹੀ ਕਿਹਾ ਹੈ "ਸਮਾਜ ਦਾ ਸਭ ਤੋਂ ਸੁੱਚਾ ਹਿੱਤ ਉਸਦੀ ਆਪਣੀ ਭਲਾਈ ਹੈ। ਇਹ ਭਲਾਈ ਸਮਾਜ ਦੇ ਸਭ ਜੀਆਂ ਤੱਕ ਇਕੋ ਜਿਹੀ ਪਹੁੰਚਣੀ ਚਾਹੀਦੀ ਹੈ। ਇਸ ਭਲਾਈ ਵੱਲ ਜਾਣ ਦਾ ਰਾਹ ਹੈ- ਚੇਤੰਨਤਾ, ਪਰ ਇਹ ਕਲਾ ਹੀ ਹੈ ਜੋ ਚੇਤੰਨਤਾ ਵਿਚ ਵਾਧਾ ਕਰਦੀ ਹੈ। ਇਸ ਮਾਮਲੇ ਵਿਚ ਕਲਾ ਦਾ ਮਹੱਤਵ ਵਿਗਿਆਨ ਨਾਲੋਂ ਘੱਟ ਨਹੀਂ ਹੈ।"

ਅੱਜ ਪੂੰਜੀਵਾਦੀ ਮੀਡੀਆ ਦੇ ਹਿੱਤਾਂ ਅਤੇ ਜਨ-ਸੰਚਾਰ ਦੇ ਬਾਕੀ ਸਾਧਨਾਂ ਰਾਹੀਂ ਲੱਚਰਵਾਦ, ਅੰਧ-ਵਿਸ਼ਵਾਸ ਅਤੇ ਖਪਤਕਾਰਵਾਦ ਦੇ ਅੰਧਾ-ਧੁੰਦ ਪਸਾਰ ਵਿਰੁੱਧ ਕੁਝ ਲੋਕਪੱਖੀ ਬੁੱਧੀਜੀਵੀਆਂ ਵਲੋਂ ਲੋਕਾਂ ਨੂੰ ਸੁਚੇਤ ਕੀਤਾ ਜਾ ਰਿਹਾ ਹੈ। ਸਾਹਿਤ ਅਤੇ ਕਲਾ ਦਾ ਉਦੇਸ਼ ਬਿਆਨ ਕਰਦਿਆਂ ਗੋਰਕੀ ਨੇ ਠੀਕ ਹੀ ਕਿਹਾ ਹੈ, "ਸਾਹਿਤ ਦਾ ਫਰਜ਼ ਹੈ ਇਨਕਲਾਬ ਲਈ ਬੰਦੇ ਦੀ ਸਹਾਇਤਾ ਕਰੇ। ਜਿੰਨੇ ਉੱਤਮ ਨਾਲ ਇਹ ਸਹਾਇਤਾ ਦਿੱਤੀ ਜਾਵੇਗੀ, 'ਸਿਰਜਣਾ' ਦਾ ਨਾਮ ਉਨਾ ਹੀ ਉੱਚਾ ਅਤੇ ਸਦੀਵੀ ਹੋਵੇਗਾ।" ਇਹੋ ਇਹ ਕਥਨ ਸਾਨੂੰ ਇਹ ਵੀ ਦਰਸਾਂਦਾ ਹੈ ਕਿ ਸਮਾਜ ਨੂੰ ਬਦਲਣ ਦਾ ਕੰਮ ਅਤੇ ਰਾਹ ਕੋਈ ਆਸਾਨ ਨਹੀਂ - ਬੜਾ ਪੇਚੀਦਾ ਅਤੇ ਔਖਾ ਹੈ। ਕਲਾਕਾਰ ਤੇ ਲੇਖਕ ਦਾ ਕੰਮ ਵੀ ਆਸਾਨ ਨਹੀਂ ਹੈ ਜਿਸਨੇ ਅਜੇਹੇ ਬੀਮਾਰ ਅਤੇ ਵਿਗੜੇ ਹੋਏ ਸਮਾਜਕ ਢਾਂਚੇ ਨੂੰ ਬਦਲਣ ਲਈ ਪ੍ਰੋਲੇਤਾਰੀ ਸ਼੍ਰੇਣੀ ਦੀ ਅਗਵਾਈ ਕਰਨੀ ਹੈ। ਇਸ ਪ੍ਰਸੰਗ ਵਿਚ ਇਥੇ ਪੰਜਾਬ ਦੀ ਧਰਤੀ ਅਤੇ ਲੋਕ ਕਵੀ ਸੰਤ-ਰਾਮ ਉਦਾਸੀ ਦੇ ਜਿੱਥੇ ਬੋਲ ਲੋਕ ਮੋਰਚਿਆਂ ਵਿਚ ਲੋਕਾਂ ਦੇ ਕਾਫ਼ਲਿਆਂ ਨੂੰ ਧੂਹ ਪਾਉਂਦੇ ਲੱਭ ਜਾਂਦੇ ਹਨ ਉਥੇ ਉਸਨੂੰ ਸਮੇਂ ਦੀ ਸਥਾਪਤੀ ਦਾ ਜੇਲ੍ਹਾਂ ਅਤੇ ਇੰਟੈਰੋਗੇਸ਼ਨ ਸੈਂਟਰਾਂ ਅੰਦਰ ਤਸ਼ੱਦਦ ਵੀ ਸਹਿਣਾ ਪਿਆ ਹੈ। ਇਹੀ ਕਾਰਨ ਹੈ ਕਿ ਜ਼ਿੰਦਗੀ ਦੇ ਪੰਧ ਵਿਚ ਵਿਚਰਦੇ ਹਰ ਸ਼ਖ਼ਸ ਨੂੰ ਉਦਾਸੀ ਦੇ ਬੋਲ ਆਪਣੇ ਹੀ ਦੁੱਖਾਂ ਦਰਦਾਂ ਅਤੇ ਕਲੇਸ਼ਾਂ ਦੀ ਤਰਜਮਾਨੀ ਕਰਦੇ ਜਾਪਦੇ ਹਨ। ਉਦਾਸੀ ਅਜੇਹਾ ਲੋਕ ਕਵੀ ਹੈ ਜੋ ਕਿ ਪਿਛਲੇ 14-15 ਸਾਲਾਂ ਤੋਂ ਪੰਜਾਬ ਵਿਚ ਚਲਦੀਆਂ ਆ ਰਹੀਆਂ ਸਾਰੀਆਂ ਜਮਹੂਰੀ ਲਹਿਰਾਂ ਅਤੇ ਲੋਕ ਸੰਘਰਸ਼ਾਂ ਨਾਲ ਲਗਾਤਾਰ ਜੁੜਿਆ ਰਿਹਾ ਹੈ। ਉਦਾਸੀ, ਅਮਰਜੀਤ ਚੰਦਨ, ਦਰਸ਼ਨ ਖਟਕੜ, ਜੈਮਲ ਪੱਡਾ ਅਤੇ ਪਾਸ਼ ਵਰਗੇ ਹੀ ਅਜੇਹੇ ਲੋਕ ਕਵੀ ਹਨ ਜਿਨ੍ਹਾਂ ਨੇ ਜਗਦੀਸ਼ ਸਿੰਘ ਆਹਲੂਵਾਲੀਆ, ਪ੍ਰੀਤਮ ਸਿੰਘ ਪੀ.ਸੀ.ਐਸ., ਜਸਵੰਤ ਸਿੰਘ ਨੇਕੀ, ਸੁਖਪਾਲਵੀਰ ਸਿੰਘ ਹਸਰਤ, ਰਵਿੰਦਰ ਰਵੀ ਅਤੇ ਇਸ ਤਰਾਂ ਦੇ ਕਈ ਹੋਰ ਬੁਰਜੂਆ ਕਵੀਆਂ ਅਤੇ ਬੁੱਧੀਜੀਵੀਆਂ ਵਲੋਂ ਪੰਜਾਬੀ ਸਾਹਿਤ ਅਤੇ ਕਲਾ ਵਿਚ ਲਿਆਂਦੀ ਖੜੋਤ ਅਤੇ ਨਿਪੁੰਸਕਤਾ ਨੂੰ ਤੋੜਕੇ ਵਿਖਾਇਆ ਹੈ। ਇਹ ਇਹ ਵੀ ਦੁਰਭਾਗਪੂਰਨ ਹੈ ਕਿ ਪੰਜਾਬੀ ਸਾਹਿਤ ਵਿਚ ਅਜੇ ਤੱਕ ਕਿਸੇ ਵੀ ਸਥਾਪਤ ਆਲੋਚਕ ਨੇ ਲੋਕਵਾਦੀ ਕਵਿਤਾ ਦਾ ਪੂਰੇ ਇਨਸਾਫ਼ ਨਾਲ ਮੁਲੰਕਣ ਕਰਨ ਦਾ ਉਪਰਾਲਾ ਵੀ ਨਹੀਂ ਕੀਤਾ।

ਹਰ ਯੁੱਗ ਵਿਚ ਸਮਾਜ ਦੇ ਸਮੁੱਚੇ ਸੱਭਿਆਚਾਰ ਉੱਤੇ ਸਥਾਪਤ ਹੁਕਮਰਾਨ ਜਮਾਤ ਦਾ ਜੇ ਪੂਰਨ ਨਹੀਂ ਤਾਂ ਕਾਫੀ ਹੱਦ ਤੱਕ ਕਬਜ਼ਾ ਹੁੰਦਾ ਹੈ। ਸਥਾਪਤ ਨਿਜ਼ਾਮ ਦੀ ਬਣਤਰ ਜੇ ਪੂੰਜੀਵਾਦੀ ਹੈ ਤਾਂ ਜ਼ਾਹਰਾ ਹੀ ਬੁਰਜੂਆ ਸੱਭਿਆਚਾਰ ਦਾ ਪ੍ਰਸਾਰ ਹੋਵੇਗਾ। ਜੇ ਇਹਦੀ ਬਣਤਰ ਅਰਧ-ਜਗੀਰੂ ਹੈ ਤਾਂ ਸੁਭਾਵਿਕ ਹੀ ਹੈ ਕਿ ਸਮਾਜ ਵਿਚ ਜਗੀਰੂ ਅਤੇ ਬੁਰਜੂਆ ਮਿਲੇ ਜੁਲੇ ਸੱਭਿਆਚਾਰ ਦਾ ਪ੍ਰਸਾਰ ਹੋਵੇਗਾ। ਇਥੇ ਲੋਕਪੱਖੀ ਕਲਾਕਾਰਾਂ ਲਈ ਗੱਲ ਇਹ ਸਪਸ਼ਟ ਕਰਨ ਵਾਲੀ ਹੈ ਕਿ ਉਹ ਅੱਜ ਦੇ ਪੂੰਜੀਵਾਦੀ ਸੱਭਿਆਚਾਰਕ ਹੱਲੇ ਅੰਦਰ ਆਪਣੀਆਂ ਸਾਹਿਤਕ ਅਤੇ ਸੱਭਿਆਚਾਰਕ ਸਰਗਰਮੀਆਂ ਨੂੰ ਲੋਕਾਂ ਵਿਚ ਵਿਗਿਆਨੀ ਅਤੇ ਸਿਧਾਂਤਕ ਚੇਤਨਾ ਦੇ ਪਸਾਰ ਲਈ ਤਾਂ ਵਰਤ ਸਕਦੇ ਹਨ ਪਰ ਉਹ ਇਨ੍ਹਾਂ ਨੂੰ ਲੋਕਾਂ ਲਈ ਸੱਭਿਆਚਾਰਕ ਬਦਲ ਪੇਸ਼ ਕਰਨ ਲਈ ਕਦੇ ਨਹੀਂ ਵਰਤ ਸਕਦੇ। ਅਜੇਹੀ ਸਥਿਤੀ ਦਾ ਠੋਸ ਕਾਰਨ ਇਹ ਹੈ ਕਿ ਪੂੰਜੀਵਾਦੀ ਸਮਾਜ ਅਤੇ ਹਕੂਮਤ ਕੋਲ ਆਪਣੀ ਕਲਾ ਅਤੇ ਸਾਹਿਤ ਦਾ ਪ੍ਰਚਾਰ ਫੈਲਾਉਣ ਲਈ ਕਸ਼ਮੀਰ ਤੋਂ ਕੰਨਿਆਂ ਕੁਮਾਰੀ ਤੱਕ ਸਿਨਿਮਿਆਂ, ਟੈਲੀਵਿਜ਼ਨਾਂ, ਨਾਟਕ-ਘਰਾਂ, ਰੇਡੀਓ ਅਤੇ ਅਖ਼ਬਾਰ ਰਾਹੀਂ ਇਤਨੇ ਵਿਸ਼ਾਲ ਅਤੇ ਸ਼ਕਤੀਸ਼ਾਲੀ ਸਾਧਨ ਹਨ ਕਿ ਲੋਕ-ਪੱਖੀ ਕਲਾਕਾਰਾਂ ਦਾ ਪ੍ਰਚਾਰ ਤਾਂ ਇਨ੍ਹਾਂ ਦੇ ਮੁਕਾਬਲੇ ਵਿਚ ਖੜੋ ਹੀ ਨਹੀਂ ਸਕਦਾ। ਇਸ ਕਰਕੇ ਇਥੇ ਸਭ ਤੋਂ ਅਹਿਮ ਮਸਲਾ ਸਮਾਜਵਾਦੀ ਸਿਆਸੀ ਆਧਾਰ ਪੇਸ਼ ਕਰਨਾ ਹੈ। ਜਿੰਨੀ ਕੁ ਹੱਦ ਤੱਕ ਅਸੀਂ ਮਿਹਨਤਕਸ਼ ਲੋਕਾਂ ਵਿਚ ਲੋਕ-ਪੱਖੀ ਸਿਆਸਤ ਦਾ ਆਧਾਰ ਕਾਇਮ ਕਰਨ ਵਿਚ ਸਫਲ ਹੋ ਜਾਂਦੇ ਉਨੀ ਹੀ ਹੱਦ ਤੱਕ ਲੋਕਾਂ ਦੀਆਂ ਕਲਾਤਮਕ ਰੁਚੀਆਂ ਨੂੰ ਸਹੀ ਦਿਸ਼ਾ ਦੇਣ ਵਿਚ ਸਫਲ ਹੋ ਸਕਦੇ ਹਾਂ। ਇਸ ਲਈ ਸਾਨੂੰ ਸਭ ਤੋਂ ਪਹਿਲਾਂ ਬੁਰਜੂਆ ਸੱਭਿਆਚਾਰ ਦੇ ਬੁਨਿਆਦ

ਪ੍ਰਕਾਰ ਦਾ ਮੁਕਾਬਲਾ ਕਰਨ ਲਈ ਆਪਣੀਆਂ ਸੰਸਥਾਗਤ ਅਤੇ ਰਚਨਾਤਮਕ ਸਮਰਥਾਵਾਂ ਨੂੰ ਲੋਕਾਂ ਨੂੰ ਸਿਧਾਂਤਕ ਤੌਰ 'ਤੇ ਚੇਤੰਨ ਕਰਨ ਦੇ ਕੰਮ ਵਿਚ ਜੁਟਾ ਦੇਣਾ ਪਏਗਾ। ਉਦਾਹਰਣ ਦੇ ਤੌਰ ਤੇ ਪੰਜਾਬ ਵਿਚ ਇਹ ਆਮ ਆਖਣ ਹੈ ਕਿ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਸੰਚਾਲਕ ਸ: ਗੁਰਸ਼ਰਨ ਸਿੰਘ ਦੇ ਨਾਟਕਾਂ ਵਿਚ ਕੋਈ ਗਹਿਰਾ ਦਿਖਾਵਾ ਵਰਗੇ ਸਥਾਪਤ ਨਾਟਕਕਾਰ ਦੇ ਨਾਟਕਾਂ ਦੀ ਗਹਿਰ-ਗੰਭੀਰਤਾ ਨਹੀਂ ਹੁੰਦੀ, ਪਰ ਜਿਨ੍ਹਾਂ ਵਿਚ ਕੋਈ ਖਾਸ ਸਮਾਜਕ ਚੇਤਨਾ ਪੈਦਾ ਕਰਨ ਵਾਲੇ ਲੋਕ ਹੀ ਹਜ਼ਾਰਾਂ ਦੀ ਗਿਣਤੀ ਵਿਚ ਉਸਦੇ ਨਾਟਕ ਦੇਖਣ ਲਈ ਜੁੜ ਜਾਂਦੇ ਹਨ। ਅਸਲ ਗੱਲ ਇਹ ਹੈ ਕਿ ਅਜੋਕੇ ਸਮਾਜਵਾਦੀ ਚੇਤਨਾ ਪੈਦਾ ਕਰਨ ਵਾਲੇ ਲੋਕਾਂ ਨੂੰ ਆਪਣੇ ਜੀਵਨ ਸੰਘਰਸ਼ ਅਤੇ ਕਸ਼ਮਕਸ਼ ਦੀ ਸਿੱਧੀ ਸਾਦੀ ਪੇਸ਼ਕਾਰੀ ਦੇਖ ਕੇ ਆਤਮਕ ਸੰਤੁਸ਼ਟੀ ਹੀ ਨਹੀਂ ਹੁੰਦੀ, ਸਗੋਂ ਰਚਨਾਤਮਕ ਭੁੱਖ ਦੀ ਪੂਰਤੀ ਹੋ ਜਾਂਦੀ ਹੈ। ਅਜੋਕੇ ਸਮੇਂ ਅੰਦਰ ਲੋਕਾਂ ਦੇ ਕੱਲਚਰਲ ਸਾਹਿਤ ਅਤੇ ਸੁੱਚੇ ਗੀਤਾਂ ਦੇ ਘਰ ਕਰੇ ਰੁਝਾਨ ਨੂੰ ਤਾਂ ਹੀ ਠੱਲ੍ਹ ਪਾਈ ਜਾ ਸਕਦੀ ਹੈ ਜੇ ਲੋਕ-ਪੱਖੀ ਕਲਾਕਾਰ ਅਤੇ ਬੁੱਧੀਜੀਵੀ, ਆਪਣੀ ਕਲਾ ਦੇ ਮਿਆਰ ਨੂੰ ਲਗਾਤਾਰ ਕਾਇਮ ਰੱਖਣ, ਨਹੀਂ ਤਾਂ ਪਰੰਪਰਾਵਾਦੀਆਂ ਦੇ ਇਹ ਵਿਚਾਰ ਠੀਕ ਹੀ ਸਾਬਤ ਹੋਣਗੇ, "ਜੇ ਆਦਮੀ ਨੂੰ ਅੰਨ ਨਾ ਮਿਲੇ ਤਾਂ ਉਹ ਘਾਹ ਫੂਸ ਤੇ ਹੀ ਗੁਜ਼ਾਰਾ ਕਰਨ ਲੱਗ ਪੈਂਦਾ ਹੈ।"

ਰੂਸ ਦੇ ਪ੍ਰਮੁੱਖ ਇਨਕਲਾਬੀ ਸਿਧਾਂਤਕਾਰ ਚਰਨੀਸ਼ੇਵਸਕੀ (1828-1889) ਅਨੁਸਾਰ ਕਲਾ ਸਮਾਜ ਦੀ ਉਹ ਵਿਆਖਿਆ ਹੈ, "ਜੋ ਜੀਵਨ ਦੇ ਵਰਤਾਰੇ ਉੱਤੇ ਆਪਣਾ ਫ਼ੈਸਲਾ ਸੁਣਾਏ।" ਕਲਾ ਦੀ ਪ੍ਰਤਿਭਾ ਅਤੇ ਮਨੋਰਥ ਨੂੰ ਵਿਆਖਿਆ ਅਤੇ ਸਮਝਣ ਲਈ ਇਸ ਮਹਾਨ ਆਲੋਚਕ ਦੇ ਇਹ ਸੁਝਾਅ ਬੜੇ ਸਾਰਥਕ ਹਨ। ਇਤਿਹਾਸ ਦੇ ਜਿਸ ਵਿਸ਼ੇਸ਼ ਪੜਾਅ ਵਿਚ ਜਿਹੋ ਜਿਹਾ ਸਮਾਜਕ ਪ੍ਰਬੰਧ ਸੀ – ਸਮਕਾਲੀ ਕਲਾ, ਸਾਹਿਤ ਤੇ ਕਵਿਤਾ ਦੇ ਰੂਪ ਵਿਚ ਵਿਚ ਹਮੇਸ਼ ਅਭਿਵਿਅਕਤ ਹੁੰਦੀ ਹੈ। ਟਾਲਸਟਾਏ ਨੇ ਰੂਸ ਦੇ ਇਨਕਲਾਬ ਤੋਂ ਪਹਿਲੇ ਜਗੀਰੂ ਪ੍ਰਬੰਧ ਵਾਲੇ ਸਮਾਜਕ ਜੀਵਨ ਦੀ ਕਿੰਨੀ ਢੁਕਵੀਂ ਰੂਪ ਰੇਖਾ ਖਿੱਚੀ ਹੈ, "ਜੀਵਨ ਵਿਚ ਜੋ ਕੋਈ ਖ਼ੁਸ਼ਹਾਲ ਸੀ, ਤਾਂ ਉਹ ਤਰਕ। ਉਹੀ ਪੁਰਾਣਾ ਢੰਗ ਅਤੇ ਅਣਬਦਲ ਰੂਪ ਟੁਰੀ ਜਾ ਰਿਹਾ ਸੀ। ਇਹੋ ਜਿਹੇ ਹਾਲਾਤ ਦੇ ਸਾਰੇ ਹੀ ਆਦੀ ਹੋ ਚੁੱਕੇ ਸਨ। ਕਿਸੇ ਨੂੰ ਇਹ ਦੇਖਣ ਦੀ ਵਿਹਲ ਨਹੀਂ ਸੀ ਕਿ ਇਹ ਕਿੰਨਾ ਔਖਾ, ਭਿਆਨਕ ਤੇ ਗੰਧਲਾ ਹੋ ਗਿਆ ਹੈ।" ਅੱਜ ਦੇ ਭਾਰਤ ਦੇ ਅਰਧ-ਜਗੀਰੂ, ਅਰਧ-ਬਸਤੀਵਾਦੀ ਸਮਾਜਕ ਜੀਵਨ ਦਾ ਵਰਤਾਰਾ ਵੀ ਇਹੋ ਜਿਹੇ ਹਾਲਾਤ ਤੋਂ ਵੱਖਰਾ ਨਹੀਂ ਲੱਗ ਰਿਹਾ। ਕਿਸੇ ਵੀ ਦੇਸ਼ ਦੇ ਸਮਾਜਕ ਜੀਵਨ ਦੇ ਵਰਤਾਰੇ ਨੂੰ ਸਮਝਣਾ ਅਤੇ ਉਸਦੇ ਬਾਰੇ ਸਹੀ ਜਾਣਕਾਰੀ ਲੈਣਾ ਕਿਸੇ ਵੀ ਲੋਕ-ਪੱਖੀ ਕਲਾਕਾਰ ਅਤੇ ਲੇਖਕ ਲਈ ਹਮੇਸ਼ਾ ਬੜਾ ਅਹਿਮ ਰਿਹਾ ਹੈ। ਮਿਕਸਿਮ ਗੋਰਕੀ ਨੇ ਪੂੰਜੀਵਾਦੀ ਸਮਾਜਕ ਵਰਤਾਰੇ ਨੂੰ ਕਿੰਨਾ ਬਰੀਕੀ ਨਾਲ ਬਿਆਨ ਕੀਤਾ ਹੈ। ਥੋੜ੍ਹੇ ਜਿਹੇ ਸ਼ਬਦਾਂ ਵਿਚ ਹੀ ਸਾਨੂੰ ਸਮੁੱਚੇ ਸਮਾਜਕ ਜੀਵਨ ਦੀ ਝਲਕ ਮਿਲ ਜਾਂਦੀ ਹੈ। "ਮਨੁੱਖ ਨੂੰ ਖਾਣੇ ਦਾਣੇ ਦੇ ਸਾਧਨ ਪ੍ਰਾਪਤ ਕਰਨ ਲਈ ਆਪਣੀਆਂ ਸਭ ਸ਼ਕਤੀਆਂ ਖਰਚ ਦੇਣੀਆਂ ਪੈਂਦੀਆਂ ਹਨ। ਆਦਮੀ ਨੂੰ ਸਦਾ ਰੁਜ਼ਗਾਰ ਦੀ ਚਿੰਤਾ ਲੱਗੀ ਰਹਿੰਦੀ ਹੈ। ਇਸ ਚਿੰਤਾ ਨੇ ਮਨੁੱਖ ਨੂੰ ਕਮਜ਼ੋਰ, ਮੂਰਖ ਅਤੇ ਕਮੀਨਾ ਬਣਾ ਦਿੱਤਾ ਹੈ। ਉਸਦਾ ਸੁਭਾਅ ਗੁਲਾਮਾਂ ਵਰਗਾ ਹੋ ਗਿਆ ਹੈ। ਉਹ ਅਜੇਹਾ ਜੀਵ ਬਣ ਗਿਆ ਹੈ ਕਿ ਉਹ ਨਾ ਪਿਆਰ ਕਰਨ ਦੇ ਯੋਗ ਰਿਹਾ ਹੈ ਨਾ ਨਫ਼ਰਤ ਕਰਨ ਦੇ।" ਜਗੀਰੂ ਸਮਾਜਕ ਪ੍ਰਬੰਧ ਦੇ ਜੀਵਨ ਦਾ ਵਰਤਾਰਾ ਜਿਸ ਤਰ੍ਹਾਂ ਹੀ ਪੂੰਜੀਵਾਦੀ ਸਮਾਜਕ ਵਰਤਾਰੇ ਨਾਲੋਂ ਵੱਖਰਾ ਸੀ। ਕਲਾ ਨੇ ਵੀ ਕਵਿਤਾ ਅਤੇ ਸਾਹਿਤ ਦੇ ਰੂਪ ਵਿਚ ਇਨ੍ਹਾਂ ਨੂੰ ਵੱਖਰੇ ਵੱਖਰੇ ਰੂਪ ਵਿਚ ਰੂਪਮਾਨ ਕੀਤਾ ਹੈ। ਜਗੀਰੂ ਸਮਾਜਕ ਪ੍ਰਬੰਧ ਵਿਚ (ਜਿਵੇਂ ਕਿ ਪਿੰਡਾਂ ਵਿਚ ਵੱਸਦੇ ਭਾਰਤ ਦੇ 80% ਲੋਕਾਂ ਦਾ ਜੀਵਨ ਅੱਜ ਹੈ) ਸਮਾਜਕ ਜੀਵਨ ਦੇ ਵਰਤਾਰੇ ਉੱਤੇ ਧਰਮ ਕਰਮ ਅਤੇ ਅੰਧ-ਵਿਸ਼ਵਾਸ ਹੀ ਭਾਰੂ ਹੁੰਦੇ ਹਨ। ਅਜੇਹਾ ਹੋਣ ਦਾ ਕਾਰਨ ਇਹ ਹੈ ਕਿਉਂਕਿ ਅਜੇਹੇ ਸਮਾਜਕ ਪ੍ਰਬੰਧ ਅੰਦਰ ਮਨੁੱਖ ਦੇ ਰੁਜ਼ਗਾਰ ਦਾ ਪ੍ਰਬੰਧ ਕਰਦੇ ਹੀ ਯਕੀਨਨ ਨਹੀਂ ਹੁੰਦਾ, ਇਸੇ ਕਰਕੇ ਜੀਵਨ ਦਾ ਲੇਖਾ ਵੀ ਵਿਸ਼ਵਾਸਯੋਗ ਅਤੇ ਨਿਸ਼ਚਿਤ ਨਾ ਹੋਣ ਕਰਕੇ ਮਿਹਨਤਕਸ਼ ਜਮਾਤ ਦਾ ਅਜੇਹੀਆਂ ਮਜਬੂਰੀਆਂ ਦਾ ਸ਼ਿਕਾਰ ਹੋ ਜਾਣਾ ਸੁਭਾਵਿਕ ਹੀ ਹੁੰਦਾ ਹੈ। ਸੰਤ ਰਾਮ ਉਦਾਸੀ ਦੇ ਹੇਠ ਲਿਖੇ ਗੀਤ ਵਿਚ ਸਾਡੇ ਜਗੀਰੂ ਸਮਾਜਕ ਜੀਵਨ ਦਾ ਵਰਤਾਰਾ ਕਿੰਨੇ ਬਰੀਕੀ ਢੰਗ ਨਾਲ ਬਿਆਨ ਕੀਤਾ ਗਿਆ ਹੈ:

"ਗਲ ਲੱਗ ਕੇ ਸੀਰੀ ਦੇ ਜੱਟ ਰੋਵੇ, ਬੋਹਲਾਂ ਵਿਚੋਂ ਨੀਰ ਵਗਿਆ।
ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ, ਤੂੜੀ ਵਿਚੋਂ ਪੁੱਤ ਜਗਿਆ।

ਸਾਡੇ ਪਿੜ ਵਿਚ ਤੇਰੇ ਗਲ ਚੀਥੜੇ, ਨੀ ਮੇਰੀਏ ਜੁਆਨ ਕਣਕੇ;
ਕੱਲ੍ਹ ਸ਼ਾਹਾਂ ਦੇ ਗੁਦਾਮਾਂ ਵਿਚੋਂ ਨਿਕਲੇਂ, ਤੂੰ ਮੇਮ ਦਾ ਪਟੋਲਾ ਬਣਕੇ।

ਜਿਥੇ ਕਿਤੇ ਸਾਡੇ ਸਮਾਜਕ ਜੀਵਨ ਦਾ ਵਰਤਾਰਾ ਪੂੰਜੀਵਾਦੀ ਪੈਦਾਵਾਰੀ ਰਿਸ਼ਤਿਆਂ ਤੋਂ ਪ੍ਰਭਾਵਿਤ ਹੋਇਆ ਹੈ, ਉਥੇ ਉਦਾਸੀ ਨੇ ਸਰਕਾਰੀ ਨਿਜ਼ਾਮ, ਮਜ਼ਦੂਰ ਜਮਾਤ ਅਤੇ ਮਿਲ-ਮਾਲਕਾਂ ਦੇ ਆਪਸੀ ਰਿਸ਼ਤੇ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ:

"ਕਾਰਖਾਨਿਆਂ ਦੀਆਂ ਸਧਰਾਈਆਂ ਚਿਮਨੀਆਂ ਚੋਂ, ਸਾਡੇ ਦਰਦ ਜੋ ਨਿਕਲਦੇ ਧੂੰ ਬਣਕੇ,
ਅਫ਼ਸਰਸ਼ਾਹੀ ਦੀ ਕਾਰ ਦੇ ਲੈਣ ਝੂਟੇ, ਸਾਡੇ ਉੱਡਦੇ ਅਰਮਾਨ ਨੇ ਧੂੰ ਬਣਕੇ।"

ਅੰਤ ਵਿਚ ਕਲਾ ਤੇ ਸਮਾਜ ਦੇ ਆਪਸੀ ਰਿਸ਼ਤੇ ਦਾ ਸਹੀ ਸਹੀ ਜਾਇਜ਼ਾ ਲੈਂਦੇ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਸ੍ਰੇਣੀ-ਵੰਡ ਸਮਾਜ ਵਿਚ ਹਰ ਕਲਾਕਾਰ ਜਾਂ ਕਵੀ ਸੁਚੇਤ ਜਾਂ ਅਚੇਤ ਤੌਰ ਤੇ ਕਿਸੇ ਇਕ ਜਮਾਤ (ਲੁਟੇਰੂ ਜਾਂ ਲੁੱਟੀਂਦੀ) ਦੀ ਵਿਚਾਰਧਾਰਾ ਤੋਂ ਅਵੱਸ਼ ਪ੍ਰਭਾਵਤ ਹੁੰਦਾ ਹੈ। ਅਤੇ ਉਹ ਉਹਦੇ ਨਾਲ ਹੀ ਵਫ਼ਾਦਾਰੀ ਨਿਭਾ ਸਕਦਾ ਹੈ। ਮਿਹਨਤਕਸ਼ ਨਾਲ ਪ੍ਰਤੀਬੱਧ ਲੇਖਕ, ਕਵੀ ਜਾਂ ਕਲਾਕਾਰ ਹਮੇਸ਼ਾ ਇਹ ਮਿਥਕੇ ਚਲਦਾ ਹੈ ਕਿ ਅੱਜ ਦੇ ਪੂੰਜੀਵਾਦੀ ਯੁਗ ਦੇ ਵਿਆਪਕ ਭ੍ਰਿਸ਼ਟਾਚਾਰ, ਲੁੱਟ ਅਤੇ ਬੇਇਨਸਾਫ਼ੀ ਨਾਲ ਲਿੱਬੜ ਰਹੇ ਸਮਾਜ ਨੂੰ ਤਾਂ ਹੀ ਬਚਾਇਆ ਜਾ ਸਕਦਾ ਹੈ ਜੇ ਪੂੰਜੀਵਾਦੀ ਸਮਾਜ ਦੀ ਰਾਖੀ ਕਰਨ ਵਾਲੀ ਸਟੇਟ (ਰਾਜਸੱਤਾ) ਦਾ ਤਖ਼ਤਾ ਉਲਟਾ ਕਰ ਕੇ ਰਾਜਸੱਤਾ ਮਿਹਨਤਕਸ਼ ਜਮਾਤ ਦੀ ਰਾਖੀ ਕਰਨ ਵਾਲੀ ਜਮਾਤ ਹੱਥ ਸੌਂਪ ਦਿੱਤੀ ਜਾਵੇ। ਜੇ ਅਸੀਂ ਇਸ ਨਿਸ਼ਾਨੇ ਤੋਂ ਹਟ ਕੇ ਕਿਤੇ ਪਗਡੰਡੀਆਂ ਵਿਚੋਂ ਹੀ ਮਸਲਿਆਂ ਦਾ ਹੱਲ ਲੱਭਣ ਵਿਚ ਰੁਝਦੇ ਰਹੇ ਤਾਂ ਸੁਧਾਰ, ਸਦਾਚਾਰ, ਧਰਮ ਤੇ ਵਿਗਿਆਨ ਦੁਆਰਾ ਮਿਹਨਤਕਸ਼ ਵਰਗਾਂ ਦੀਆਂ ਲੋੜਾਂ ਕਦੇ ਵੀ ਅਸਲੀ ਰੂਪ ਨਹੀਂ ਧਾਰ ਸਕਦੀਆਂ ਅਤੇ ਇਹ ਆਦਰਸ਼ਵਾਦੀਆਂ ਅਤੇ ਅਧਿਆਤਮਵਾਦੀਆਂ ਦੇ ਮੰਤਰ ਸੁਪਨੇ ਬਣ ਕੇ ਰਹਿ ਜਾਣਗੀਆਂ। o o o

## ਜ਼ੀਰੋ-ਖੇਤਰ

(ਗੁਰਿੰਦਰ ਮਦੀ)

ਇਸ ਬਿੰਦੂ ਤੋਂ ਉਸ ਬਿੰਦੂ ਤੱਕ
ਸੁਰਤ ਗਈ ਲੋਕਾਈ
ਜਿਸ ਦੀ ਇਕ ਤੋਂ ਇਕ ਦੀ ਇੱਥੇ, ਤਾਂ
ਮਿਣਦੀ ਨਹੀਂ ਮਿਟਾਈ

ਸੂਰਜ ਕਿੱਸ ਚੰਦਰਮਾ ਬਣ ਜਾਏ
ਚੰਦਰਮਾਂ ਕਿੱਸ ਤਾਰੇ ?
ਰੰਗ, ਸੁਗੰਧ, ਰੂਪ, ਬਾਗ਼ਾਂ ਦੇ
ਫੁੱਲ ਤੋਂ ਫੁੱਲ ਵਿੱਚ ਖਾਈ !

ਸ਼ਹਿਰ, ਗਿਰਾਂ, ਤੇ ਦੇਸ਼ ਚੁਫੇਰੀਂ
ਪੱਥਰਾਈਆਂ ਅੱਖਾਂ ਵਿੱਚ ਸੁਫ਼ਨੇ—
ਪੱਥਰ ਕੱਟੇ, ਸੂਲ ਸੂਲ ਕੱਟੇ,
ਹਰ ਮਛਲੀ ਤ੍ਰਿਸ਼ਨਾਈ

ਇੱਕੋ ਵਕਤ ਅਗਨ ਤੇ ਬਰਖਾ,
ਇੱਕੋ ਵਕਤ ਬਰਫ਼ ਤੇ ਪਾਰਾ
ਸੱਤਾ, ਖ਼ੂਬ ਕਲੂਨ-ਤੰਗ ਦੀ—
ਮਾਨਣ ਆਜ਼ਾਦੀ ਲਾਈ !

ਦਾਣਾਂ ਦੇ ਮੂੰਹ ਗੋਰਖਧੰਦਾ,
ਪੈਰਾਂ ਅੱਗੇ ਕਿੱਲ ਅੰਗਿਆਰੇ,
ਚਿੰਤਨ ਵਿਚ ਵਿਰੋਧੀ ਬਿੰਬਾਂ
ਜ਼ੀਰੋ-ਖੇਤਰ, ਕਿਹੀ ਖਲਾਅ ਹੀ !

●

(New Aiyansh, B.C.)

## ਡਾਇਰੀ ਦੇ ਪੰਨੇ

( ਸੁਖਿੰਦਰ)

1.
ਅਸੀਂ ਸਭ
ਕਮਰੇ ਦੇ ਅੰਦਰ ਹੱਸਦੇ ਹਾਂ
ਦਿਮਾਗ਼ ਵਿਚ ਮੋਈਆਂ ਚਿੜੀਆਂ
ਤੱਕ ਤੱਕ ਕੇ

2.
ਸਾਰੇ ਰੋਗਾਂ ਨੂੰ
ਜਿਸ ਨੇ ਖ਼ੂਨ ਚੂਸਿਆ ਹੈ
ਅਸੀਂ ਸਭ
ਆਦਮ ਖੋ, ਆਦਮ ਖੋ ਕਹਿੰਦੇ ਹਾਂ

3.
ਨਾਟਕ ਵਿਚ
ਔਰਤ, ਔਰਤ ਹੀ ਹੈ
ਤੇ ਦੇਵਤਾ ਹੀ

4.
ਲੱਕੜ ਦੀ ਮਛਲੀ
ਪਾਣੀ ਦੇ ਵਿੱਚ ਤਰਦੀ ਹੈ
ਇਹ ਕੈਸਾ ਸ਼ਹਿਰ ਵਪਾਰੀ ਹੈ

5.
ਇਸ ਸ਼ਹਿਰ 'ਚ
ਹਰ ਰੰਗ ਦਾ ਤੋਤਾ ਵਸਦਾ ਹੈ
ਇਸ ਸ਼ਹਿਰ 'ਚ
ਨਵੀਂ ਨਵੀਂ ਹਰਿਆਲੀ ਆਈ ਹੈ

6.
ਜ਼ਿੰਦਗੀ ਲੱਕੜ ਦੇ ਪਰਾਂ ਨਾਲ
ਕੰਧਾਂ ਤੇ ਬੈਠਦੀ ਹੈ
ਮੌਸਮ ਪਤਝੜ ਦਾ ਹੈ
ਤੇ ਸਾਰੀ ਸ਼ਹਿਰ ਦੀ
ਨ ਜਾਣੇ ਲੱਕੜ ਦੇ ਪਰ
ਮੋਮ ਵਾਂਗੂੰ ਢਲ ਜਾਣ

7.
ਕਾਇਲ!
ਮੇਰੇ ਪਿਆਰੇ ਪੰਛੀ
ਤੂੰ ਗੌਤਮ ਨਹੀਂ ਬਣਨਾ
ਉਹ ਤਾਂ ਕਾਗ਼ਜ਼ ਦੇ ਫੁੱਲਾਂ ਦਾ ਬੁੱਤ ਹੈ

8.
ਦਾਣਾਂ ਨੂੰ ਜ਼ਹਿਰ ਲਗਾ ਕੇ ਮੈਂਥੋਂ
ਬੁਲਬੁਲਾਂ ਨੂੰ ਦਸਦੇ
ਅਸਾਂ ਨ ਕੋਈ ਅੱਜ ਤੱਕ
ਕਾਲੇ ਰੰਗ ਦੇ ਦਾਣਾਂ ਦਾਣਾ ਤੱਕਿਆ

●

(London, Ontario)

## ਦੋ ਕਵਿਤਾਵਾਂ →

ਦਲਬਿੰਦਰ

(Calgary, Alberta)

### 1. ਸੱਪ

ਮੈਂ ਇਕ ਸੱਪ ਹਾਂ
ਤੁਸੀਂ ਮਦਾਰੀ ਹੋ
ਤੁਸੀਂ ਇਕ ਯੁਗ ਮੈਨੂੰ
ਆਪਣੀ ਟੋਪੀ 'ਚ
ਪਾ ਕੇ ਰੱਖਿਆ ਹੈ
ਮੈਂ ਤੁਹਾਡੇ ਕਹੇ ਤੇ
ਆਪਣੇ ਦੋਸਤ ਸੱਪਾਂ ਉਤੇ
ਜ਼ਹਿਰ ਉਗਲਦਾ ਰਿਹਾ ਹਾਂ
ਜੋ ਉਸ ਵੇਲੇ ਤੋਂ
ਬਾਹਰ ਸਨ —
ਹੁਣ ਮੈਂ ਸਮਝ ਗਿਆ ਹਾਂ
ਤੁਹਾਨੂੰ ਵੀ ਸਮਝ
ਲੈਣਾ ਚਾਹੀਦਾ ਹੈ
ਕਿ ਮਦਾਰੀ ਸੱਪ
ਡੰਗੇ ਤੋਂ ਮਰਦੇ ਹਨ
ਸੱਪ ਡੰਗੇ ਤੋਂ ਮਰਦੇ ਹਨ ...

●

### 2. ਦਿਨ ਚੜ੍ਹੇ

ਮੈਂ —
ਜਿਸਨੂੰ ਮੁਰਗੇ ਦੀ
ਬਾਂਗ ਨਾਲ
ਉੱਠਣ ਦੀ
ਆਦਤ ਹੈ —
ਅੱਜ ਸਾਰੇ
ਗਵਾਂਢੀਆਂ ਦੇ ਮੁਰਗੇ ਨੇ
ਬਾਂਗ
ਨਹੀਂ
ਦਿੱਤੀ —
ਦਿਨ ਚੜ੍ਹੇ ਉਠਿਆ
ਤਾਂ
ਦੇਖਿਆ —
ਗਲੀ 'ਚ
ਥਾਣੇਦਾਰ
ਗਸ਼ਤ ਕਰਦਾ ਹੈ

●

# ਲੰਮੀ ਰਾਤ

•

ਹਮਦਰਦਵੀਰ ਨੌਸ਼ਹਿਰਵੀ

ਜੇਲ੍ਹ ਵਿਚ ਸੁਣਾਈ-ਅਧੀਨ ਕੈਦੀਆਂ ਦੀਆਂ ਸੂਈਆਂ ਮਾਰ ਮਾਰ, ਤੇਜ਼ਾਬ ਪਾ
ਪਾ ਕੇ ਅੱਖਾਂ ਅੰਨ੍ਹੀਆਂ ਕੀਤੀਆਂ ਗਈਆਂ — ਇਕ ਐਸੇ ਕੈਦੀ ਦੀ ਪੁਕਾਰ ।

6 × 8 ਫੁੱਟ ਧਰਤੀ ਮੇਰੇ ਹਿੱ [illegible] ਈ ਹੈ
ਉਹ ਵੀ ਆਪਣੀ ਨਹੀਂ, ਪ [illegible] ਹੈ ।
ਉੱਚੀਆਂ ਉੱਚੀਆਂ, ਭਾਰੀ [illegible] ਰੀਆਂ ਕੰਧਾਂ
ਇਕ ਨਿੱਕਾ ਜਿਹਾ ਰੋਸ਼ਨ [illegible]
ਜਿਥੋਂ ਕਦੀ ਚਾਨਣ ਨ [illegible] ਰਦਾ
ਕੋਈ ਪੰਛੀ ਝਾਤ ਨਹੀਂ [illegible] ਦਾ
ਇਕ ਲੋਹੇ ਦਾ ਬੂਹਾ ਮੋਟੀਆਂ ਸੀਖਾਂ ਵਾਲਾ
ਜਿਥੋਂ ਦੀ ਕਦੀ ਕਦੀ
ਰਾਤਾਂ ਨੂੰ ਲੁਕ ਲੁਕ ਲੁਕ ਲੁਕ ਕੇ
ਝਾਕਦੀ ਸੀ
ਫਟੀ ਫਟੀ ਚਾਂਦਨੀ ।
ਪਹਿਲਾਂ ਮੈਂ ਵੇਖ ਸਕਦਾ ਸਾਂ
ਚਾਰ ਯੁਗਾਂ ਜਿੰਨੀਆਂ ਲੰਮੀਆਂ ਚਾਰ ਕੰਧਾਂ
ਨੌਂਹ ਰਗੜ ਰਗੜ ਵਾਹੁੰਦਾ ਸਾਂ ਲੀਕਾਂ
ਲਿਖਦਾ ਸਾਂ ਕੋਈ ਅਦਿੱਖ ਦਸਤਾਵੇਜ਼ ।
ਹੁਣ ਮੈਂ ਪੋਟੇ ਖੋਰ ਖੋਰ ਵਾਹੁੰਦਾ ਹਾਂ ਖ਼ੁਸ਼ਕ ਖ਼ਾਕੇ
ਹਰ ਖ਼ਾਕੇ ਵਿਚੋਂ ਲਹੂ ਦੀ ਗੰਧ ਆਉਂਦੀ ਹੈ
ਹਰ ਵਾਰ ਖਾਕੇ ਦੀ ਦਾਸਤਾਨ
ਸਲੀਬ ਦੀ ਬਾਤ ਪਾਉਂਦੀ ਹੈ ।

ਮੈਂ ਬੇਬਸਾ ਸਾਂ, ਮੇਰੀ ਅੰਮੜੀਏ !
ਦੀਵਾਰਾਂ, ਸੰਗਲ, ਸੂਈਆਂ, ਤੇਜ਼ਾਬ, ਜਮੂਰ, ਜਮਦੂਤ —
ਸਭ ਕਰ ਰਹੇ ਸਨ ਆਪਣਾ ਘੇਰਾ ਤੰਗ ।
ਮੇਰੇ ਬਚਾ ਲਈ ਕੁਝ ਵੀ ਤਾਂ ਨਹੀਂ ਸੀ ।

ਮੈਂ ਲਾਚਾਰ ਸਾਂ, ਮੇਰੇ ਸਾਥੀਓ ।
ਮੈਂ ਬਥੇਰਾ ਕਿਹਾ — ਵਾਰ ਵਾਰ ਕਿਹਾ —
ਮੇਰੇ ਹਥ ਕੱਟ ਲਵੋ, ਮੇਰੇ ਪੈਰ ਕੱਟ ਲਵੋ
ਖੇਤ ਦੀ ਵਾੜ ਹੋ ਕੇ, ਵਰਦੀ ਪਾ ਕੇ
ਖੇਤ ਨੂੰ ਨਾ ਖਾਵੋ
ਏਨਾ ਜ਼ੁਲਮ ਨਾ ਢਾਵੋ
ਮੇਰੇ ਸੂਰਜ ਨਾ ਬੁਝਾਵੋ ।
ਮੈਂ ਲਾਚਾਰ ਸਾਂ, ਮੇਰੇ ਸਾਥੀਓ ।
ਯਾਦ ਆਉਂਦੀ ਹੈ ਮੈਨੂੰ
ਆਪਣੀ ਮਾਂ ਬੇਪਰਦਾ
ਪਿਉ ਬੇਸਹਾਰਾ ਮੁਚਾਰਾ
ਤੇ 6 × 8 × 4 ਫੁੱਟ ਝੌਂਪੜੀ
ਤੇ ਹਾਦਸੇ ਦਰ ਹਾਦਸਾ —
ਝੌਂਪੜੀ ਦਾ ਡੋਲਦੇ ਹੋਏ ਖੇਤਾਂ ਹੇਠਾਂ ਆ ਜਾਣਾ
ਤੇ ਕੁਰਦੇ ਹੋਏ ਫੁੱਟ ਧਾਬਾਂ ਦਾ ਸਮੁੰਦਰ ਵਿਚ ਲਹਿ ਜਾਣਾ ।

ਮਾਂ ਕਹਿੰਦੀ ਸੀ —
ਬੜੀ ਦਿਲਕਸ਼ ਹੈ ਚਮਕ ਤੇਰੀਆਂ ਅੱਖੀਆਂ ਦੀ
ਦੂਰ ਦੁਮੇਲ ਵਿਚ ਕੁਝ ਢੂੰਡਦੀ ਨਜ਼ਰ
ਤਕਣੀ ਵਿਚ ਰਵਾਨੀ ਝਨਾਂ ਦੀ ।

ਸਾਥੀ ਕਹਿੰਦੇ ਸਨ —
ਤੇਰੀਆਂ ਅੱਖੀਆਂ ਵਿਚੋਂ ਸੁਪਨੇ ਝੁਲ੍ਹਦੇ ਨੇ
ਬਲਦੀ ਲਾਟ ਤੇ ਇਹਨਾਂ ਅੱਖੀਆਂ ਦੀ ਲੋਅ ਵਿਚ
ਕੋਈ ਸਾਂਝ ਹੈ ਜ਼ਰੂਰ ।

ਮੇਰੇ ਪਿਆਰ, ਮੇਰੀਆਂ ਅੱਖਾਂ ਹੰਝੂਆਂ ਦੇ ਭਰੇ ਟੋਏ ਨੇ —
ਜਿਹਨਾਂ ਦੇ ਕੰਢੇ ਉਤੇ ਬੈਠਾ ਸੂਰਜ ਰੋਂਦਾ ਹੈ
ਹੁਣ ਤੂੰ ਨਾ ਰੋਵੀਂ
ਮੈਂ ਤੇਰੇ ਹੰਝੂ ਕਿਵੇਂ ਵੇਖ ਸਕਾਂਗਾ ?
ਹੁਣ ਤੂੰ ਨਾ ਰੁਸੀਂ
ਮੈਂ ਤੈਨੂੰ ਕਿਵੇਂ ਮਨਾ ਸਕਾਂਗਾ ?
ਮੇਰੇ ਪਿਆਰ, ਮੇਰੀ ਚਿੱਠੀ ਵਿਚੋਂ
ਹੁਣ ਤੈਨੂੰ ਨਹੀਂ ਮਿਲਣਗੇ ਕਾਲੇ ਅੱਖਰ
ਅੰਗੂਠੇ ਵਿਚੋਂ ਕਢੇ ਹੋਏ ਲਹੂ ਨਾਲ
ਲਿਖੀਆਂ ਘਾਇਲ ਰੇਖਾਵਾਂ ਵਿਚੋਂ ਪੜ੍ਹ ਲਈਂ
ਮੇਰੀ ਰੱਤੋ ਰੱਤ ਹਯਾਤੀ ਦੀ ਵਾਰਤਾ ।

ਹੁਣ ਮੈਂ ਸਿਰਫ਼ ਸੁਣਦਾ ਹਾਂ —
ਕਦੀ ਗੋਡਿਆਂ ਨਾਲ, ਕਦੀ ਅਰਕਾਂ ਨਾਲ
ਕਦੀ ਨੱਕ ਨਾਲ, ਕਦੀ ਮੱਥੇ ਨਾਲ
ਤੇ ਕਦੀ ਢਿੱਡ ਨਾਲ
ਮੇਰੇ ਸਰੀਰ ਦੇ ਹਰ ਪਾਸੇ ਕੰਨ ਉੱਗ ਆਏ ਨੇ ।

ਮੈਂ ਸੁਣਦਾ ਹਾਂ — ਤੇਜ਼ ਧਮਾਕੇ,
ਇਕ ਚੀਕ
ਬਾਰੂਦ ਦੀ ਗੰਧ
ਤੇ ਫੇਰ ਲੰਮਾ ਸੰਨਾਟਾ ।
ਰੜਕ ਚੁਭਣ, ਪੀੜ, ਚੀਸ, ਜ਼ਖ਼ਮ, ਰਾਖ, ਧੂੰਆਂ
ਸਿਸਕੀ ਤੇ ਹਿਚਕੀ ਹੀ ਹੈ ਹੁਣ
ਮੇਰੀ ਜ਼ਿੰਦਗੀ ਦਾ ਜਮਾ ਖਾਤਾ ।
ਬਚਪਨ ਮਰਿਆ ਪੈਦਾ ਹੋਇਆ ਸੀ,
ਵਰਤਮਾਨ ਮਰ ਚੁੱਕਾ ਹੈ,
ਭਵਿਖ ਫੇਰ ਮਰੇਗਾ ।
ਇਕ ਐਸਾ ਸਫ਼ਰ —
ਨਾ ਕੋਈ ਪੜਾ, ਨਾ ਮਹਿਲ, ਨਾ ਮੁਕਾਮ
ਨਾ ਠਹਿਰ, ਨਾ ਕਿਨਾਰਾ, ਨਾ ਪੈਂਡ ।

ਸੜਕਾਂ ਨਹੀਂ, ਹਨ ਟੁੱਟੇ ਪੁੱਲ ਤੇ ਖੜੇ ਚੌਰਾਹੇ ।
ਸਦਾ ਤੁਰਦੇ ਰਹਿਣਾ ਚਾਹੁੰਦਾ ਸਾਂ ਮੈਂ
ਜਿਹਨਾਂ ਸੜਕਾਂ ਉਤੇ
ਉਹ ਸੜਕਾਂ ਮੇਰੀਆਂ ਅੱਖਾਂ ਵਿਚ ਉੱਗ ਆਈਆਂ ਨੇ
ਮੈਂ ਸੜਕਾਂ ਉਤੇ ਹੁਣ ਨਹੀਂ ਤੁਰ ਸਕਦਾ,
ਸੜਕਾਂ ਮੇਰੇ ਉਤੇ ਸਦਾ ਤੁਰਨਗੀਆਂ ।
ਘਟਨਾਵਾਂ ਨਹੀਂ
ਸਿਰਫ਼ ਦੁਰਘਟਨਾਵਾਂ ਹੀ ਵਾਪਰਨਗੀਆਂ ।
ਮੈਂ ਸੜਕਾਂ, ਧੁੱਪਾਂ, ਕਿੰਡਿਆਂ ਦਾ ਪਾਂਧੀ,
ਹੁਣ ਇਕ ਡੈੱਡਫੁਲਸਟਾਪ, ਪੱਗ ਪੱਗ ਦਾ ਮੁਥਾਜ ।
ਸਰਕਾਰੀ ਐਨਕ ਹੇਠਾਂ ਕਾਲੀ ਪੱਟੀ
ਤੇ ਹੇਠਾਂ ਡੂੰਘੀਆਂ ਖੱਡਾਂ ਰੋਜ਼ ਗੜੇਮਾਰ ।
ਚੁੰਗੀਆਂ ਭਰਦੇ ਹਰਨ ਰੋਜ਼ ਗੋਲੀ ਦਾ ਨਿਸ਼ਾਨਾ ਬਣਦੇ ।
ਤੇ ਮਾਤਮਾਈ ਜਾਂਦੀ ਹੈ— ਰੋਜ਼ ਸਰਘੀ ।
ਪੈਰਾਂ ਨਾਲ ਬੱਧੇ ਪਹਾੜ
ਬਿਆਈਆਂ ਵਿਚੋਂ ਸਿੰਮਦਾ ਲਹੂ
ਹੱਥਾਂ ਉਤੇ ਅਟੱਣ ਤੇ ਛਾਲੇ ।
ਹੱਥ ਕਾਸਾ ਨਹੀਂ ਬਣੇ
ਪਰ ਬੋਝੇ ਦੀਆਂ ਦੁੱਕੀਆਂ ਪੰਜੀਆਂ ਦਾ ਕੋਈ ਕੀ ਕਰੇ ।
ਤਰਸ ਨਹੀਂ ਮੰਗਦਾ ਮੈਂ
'ਕਿੰਨਾ ਸੁਹਣਾ ਨੌਜਵਾਨ ਪਰ ਰਬ ਦਾ ਭਾਣਾ ਵੇਖੋ—'
ਇਹਨਾਂ ਅਣਮੰਗੀਆਂ ਅਸੀਸਾਂ ਦਾ ਕੋਈ ਕੀ ਕਰੇ ।

ਚਾਰ ਫੁੱਟ ਉੱਚੀ ਝੌਂਪੜੀ ਤੋਂ
ਛੇ ਫੁੱਟ ਚੌੜੀ ਕੋਠੜੀ ਤਕ ਮੇਰਾ ਸਫ਼ਰ
ਤੇ ਫੇਰ ਅਥਾਹ ਕਾਲਾ ਸਾਗਰ
ਠੱਕ ਠੱਕ ਤੇ ਠੇਡੇ, ਠੇਡੇ ਤੇ ਠੱਕ ਠੱਕ ।
ਨਾ ਸ਼ੁਭ ਆਮਦ, ਨਾ ਉਡੀਕ, ਨਾ ਅਲਵਿਦਾ
ਟਿਕੀ ਰਾਤ, ਕੋਹਰਾਈ ਸਵੇਰ, ਖਿੜੀ ਧੁੱਪ, ਵਸਲ-ਸ਼ਾਮ
ਸਭ ਇਕ ਸਮਾਨ, ਬਿਨ ਤੀਰ, ਕਮਾਨ ।
ਸਿਰਫ਼ ਖੰਡਰ ਹੀ ਖੰਡਰ
ਨਾ ਕੋਈ ਘਰ ਨਾ ਮਕਾਨ ।

ਕਦੀ ਮੇਰੀਆਂ ਵੀ ਅਖਾਂ ਦੀ ਨੀਮ-ਮਦਹੋਸ਼ੀ ਵਿਚ
ਦਿਸਦੀ ਸੀ ਸੁਪਨੇ ਦੀ ਪਾਰਦਰਸ਼ੀ ਝਲਕ
ਹੁਣ ਇਹਨਾਂ ਅੱਖਾਂ ਵਿਚੋਂ ਕਿਰਦਾ ਹੈ ਰੇਗਸਤਾਨ
ਰਾਤ ਦਾ ਰੇਗਸਤਾਨ ।
ਪਰਛਾਵੇਂ ਜਿਹੇ ਹਨ
ਜਿਹਨਾਂ ਦਾ ਕੋਈ ਰੰਗ ਨਹੀਂ
ਪੁੱਠੇ ਲਟਕਦੇ ਬਕਰੇ ਹਨ
ਚਮਗਾਦੜ ਹਨ ਕਿ ਬੰਦੇ
ਕਹਿ ਨਹੀਂ ਸਕਦਾ ।
ਅੱਖਾਂ ਵਿਚ ਸੁਰਮਾ ਨਹੀਂ ਸੀਸ਼ੇ ਦਾ ਮੇਦਾ
ਸੁਰਮਚੂ ਨਹੀਂ, ਤਪਦੀ ਸਲਾਖ਼,
ਹੰਝੂ ਨਹੀਂ ਤੇਜ਼ਾਬ ।
ਨਾ ਰੌਸ਼ਨੀ ਮੀਨਾਰ, ਨਾ ਜਗਦੀ ਮਸ਼ਾਲ ।
ਇਕੋ ਮੀਂਹ ਰੰਗ ਕੁੰਡਾ,
ਵੱਟ ਉਤੇ ਗੱਡਿਆ ਡਰਾਉਣਾ
ਸਹਿਕਦੀ ਕਬਰ ਉਤੇ ਟੰਗਿਆ ਕਾਲਾ ਝੰਡਾ
ਜਾਂ ਨਿਰਾ ਰੇਤ ਦਾ ਮਜ਼ਾਰ
ਨਾ ਕੋਈ ਸ਼ਕਲ, ਨਾ ਚਿੰਨ੍ਹ, ਨਾ ਆਕਾਰ ।

ਮੈਂ ਵੀ ਕਦੇ ਚਾਹੇ ਸਨ
ਪੌਣਾਂ ਦੇ ਕੇਸਾਂ ਵਿਚ ਰੰਗ ਭਰਨੇ
ਪੰਛੀਆਂ ਦੇ ਪੰਖਾਂ ਦੇ ਰੰਗ ਅੱਖਾਂ ਵਿਚ ਉਤਾਰਨੇ
ਚੜ੍ਹਦੇ ਸੂਰਜ ਨੂੰ ਕਹਿਣੀ ਸ਼ੁਭ ਸਵੇਰ
ਤੇ ਡੁਬਦੇ ਸੂਰਜ ਨੂੰ ਸਲਾਮ ।
ਘਿਰ ਗਿਆ ਮੈਂ ਵਿਚ ਇਕ ਸਦੀਵੀ ਹਨੇਰੇ ਦੇ ਘੇਰੇ
ਇਕ ਸਦੀਵੀ ਰਾਤ
ਇਸ ਰਾਤ ਦਾ ਕੋਈ ਅਰੰਭ ਹੈ, ਨਾ ਅੰਤ
ਨਾ ਕੋਈ ਸਿਰਾ ਹੈ, ਨਾ ਕਿਨਾਰਾ ।
ਇਸ ਮੌਸਮ ਦਾ
ਨਾ ਕੋਈ ਹਾੜ ਹੈ, ਨਾ ਸਿਆਲ
ਨਾ ਪਤਝੱੜ, ਨਾ ਬਹਾਰ
ਨਾ ਹਰਿਆਵਲ, ਨਾ ਵੀਰਾਨੀ
ਨਾ ਸ਼ਬਨਮ, ਨਾ ਕਰੂੰਬਲ ।
ਹੁਣ ਹੈ ਬਸ—
ਗੰਡੇਰੀ, ਪੱਥਰ, ਠੋਕਰ ਤੇ ਪੈਰ ਲਹੂ ਲੁਹਾਨ ।
ਨਾ ਕਿਸ਼ਤੀ, ਨਾ ਚੱਪੂ, ਨਾ ਬਾਦਬਾਨ ।
ਨਾ ਸ਼ਾਮ ਹੈ, ਨਾ ਦੁਪਹਿਰ, ਨਾ ਪ੍ਰਭਾਤ ਹੈ
ਰਾਤ ਮੁਕਦੀ ਹੀ ਨਹੀਂ, ਬਸ ਰਾਤ ਹੀ ਰਾਤ ਹੈ ।

(ਧੰਨਵਾਦ ਸਹਿਤ ਪ੍ਰੀਤਲੜੀ ਵਿੱਚੋਂ)


**Elite Tailors**

**ਈਲਾਈਟ ਟੇਲਰਜ਼**

4219 Main St. at 26th. 872-2276

We stock Bell-Bottom & Regular Pants Latest Style Suits Shirts & Shoes We also carry Ladies clothing.

ALSO IN STOCK NOW
VELVET SUITS AND JACKETS.

For any sporting uniform needs Please Visit Us.

ELITE TAILORS
4219 MAIN STREET
PHONE: 872-2276

* MAIL ORDERS ACCEPTED *

# ਬੰਬੇ ਸਵੀਟ ਮੈਨੂਫੈਕਚਰਰ

**4405 MAIN ST., VANCOUVER, B.C.**

## ਬੰਬੇ ਸਵੀਟ ਮੈਨੂਫੈਕਚਰਰ

**FOR LARGEST VARIETY IN INDIAN SWEETS**

ਵਾਧੂ ਪੈਸੇ ਕਿਉਂ ਖ਼ਰਚਣੇ ਹਨ? ਆਓ ਸਾਡੇ ਰੇਟ ਤੇ ਮਾਲ ਚੈੱਕ ਕਰੋ

ਤੁਹਾਡੀ ਸਹੂਲਤ ਨੂੰ ਮੁੱਖ ਰੱਖਦਿਆਂ ਹੋਇਆਂ
ਬੰਬੇ ਸਵੀਟ ਨੇ ਇਕ ਹੋਰ ਬਰਾਂਚ ਪੰਜਾਬੀਆਂ ਦੇ ਗੜ੍ਹ - ਪੰਜਾਬੀ ਮਾਰਕਿਟ ਵਿਚ
**6545 MAIN ST., (NEAR 49TH. AVE)** ਦੇ ਕੋਲ ਖੋਲ੍ਹ ਦਿੱਤੀ ਹੈ

ਉਥੇ ਸਾਰੀਆਂ ਭਾਰਤੀ ਮਠਿਆਈਆਂ - ਅਤੇ ਭਾਰਤੀ ਸਵਾਦੀ ਖਾਣੇ - ਜਿਵੇਂ ਕਿ,

- ਛੋਲੇ ਭਟੂਰੇ • ਸਮੋਸੇ • ਆਲੂ ਟਿੱਕੀ
- ਕਰਾਰੇ ਕਰਾਰੇ ਗੋਲਗੱਪੇ ਆਦਿ ਆਦਿ....

.....ਅਤੇ ਹੋਰ ਬਹੁਤ ਕੁਝ ਹਰ ਸਮੇਂ ਤਿਆਰ ਮਿਲੇਗਾ

*OUR TEMPTATIONS*

Largest Variety in Indian Sweets

Burfi - Laddo - Rasgulas - Gulab Jamuns - Masu - Pinnis
**Balu Shahi - Besan - Petha - Gajarpak**

ਅਸੀਂ ਹਰ ਤਰਾਂ ਦੀਆਂ ਭਾਰਤੀ ਸਵਾਦੀ ਮਠਿਆਈਆਂ ਬਣਾਉਣ ਦੇ ਵਿੱਚ ਮਾਹਰ ਹਾਂ।
ਵਿਆਹ ਸ਼ਾਦੀਆਂ ਲਈ ਖਾਸ ਰਿਆਇਤ ਦਿੱਤੀ ਜਾਂਦੀ ਹੈ।

ਆਓ ਤੇ ਵਧੀਆ ਸਾਮਾਨ ਘੱਟ ਕੀਮਤਾਂ ਵਿਚ ਸਾਥੋਂ ਖਰੀਦੋ
ਥੋਕ ਤੇ ਮਠਿਆਈ ਖ਼੍ਰੀਦਣ ਲਈ

ਸ਼ੁਕਲਾ ਬ੍ਰਾਦਰਜ਼

ਵਿਆਹ ਸ਼ਾਦੀਆਂ, ਪਾਰਟੀਆਂ ਲਈ
ਆਰਡਰ ਦੋਹਾਂ ਸਟੋਰਾਂ ਤੇ
ਬੁਕ ਕੀਤੇ ਜਾਂਦੇ ਹਨ

# BOMBAY SWEET MANUFACTURER

Manager: SHUKLA

**874-5722** **321-1414**

**WE ARE OPEN EVERY DAY 9 A.M. TO 9:30 P.M.**

**4405 MAIN ST. (AT 28TH. AVE)**
**VANCOUVER — TEL. 874-5722**

**6545 MAIN ST. (AT 49TH. AVE)**
**VANCOUVER, TEL. 321-1414**

# ਇੰਟਰਵਿਊ

ਐਕਟਰ, ਨਿਰਦੇਸ਼ਕ ਤੇ ਡਰਾਮਾ ਲੇਖਕ ਦਵਿੰਦਰ ਦਮਨ 'ਲੋਕ ਵਿਰਸਾ ਰੰਗਮੰਚ' ਦੇ ਸੰਚਾਲਕ ਹਨ। ਉਨ੍ਹਾਂ, ਹਨੇਰ, ਮੌਇਆ ਸਾਰ ਜਾਂ ਬਾਦ, ਜਾਗਤੀ, ਸੂਰਜ ਦਾ ਕਤਲ (ਆਪਣਾ ਲਿਖਿਆ ਹੋਇਆ) ਧਰਤੀਆਂ ਅਤੇ ਰਸੋਈ ਘਰ ਡਰਾਮਿਆਂ ਦਾ ਨਿਰਦੇਸ਼ਨ ਕੀਤਾ ਹੈ। ਉਹ ਪੰਜਾਬੀ ਵਿੱਚ ਇਪਟਾ ਦੇ ਸਰਗਰਮ ਮੈਂਬਰ ਹਨ ਅਤੇ ਚੰਡੀਗੜ੍ਹ ਸੰਗੀਤ ਨਾਟਕ ਅਕੈਡਮੀ ਦੇ ਮੈਂਬਰ ਹਨ। ਪਿਛਲੇ ਦਿਨੀਂ ਉਹ ਪੰਜਾਬ ਕਲਾ ਕੇਂਦਰ ਦੇ ਨਾਟਕ 'ਰਾਣੀ ਜਿੰਦਾਂ' (ਲੇਖਕ ਡਾ: ਹਰਚਰਨ ਸਿੰਘ) ਖੇਡਣ ਦੇ ਸਬੰਧ ਵਿੱਚ ਵੈਨਕੂਵਰ ਆਏ ਸਨ। ਅਸੀਂ ਉਹਨਾਂ ਨਾਲ ਕੀਤੀ ਗੱਲਬਾਤ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਸਾਡੀ ਇਹ ਦਿਲੀ ਚਾਹਿਤ ਸੀ ਕਿ ਅਸੀਂ "ਰਾਣੀ ਜਿੰਦਾਂ" ਨਾਟਕ ਦੇ ਲੇਖਕ ਅਤੇ ਨੈਸ਼ਨਲ ਇਨਾਮ ਜੇਤੂ ਡਾ: ਹਰਚਰਨ ਸਿੰਘ ਹੁਰਾਂ ਨਾਲ ਗੱਲਬਾਤ ਕਰ ਪਾਠਕਾਂ ਤੱਕ ਪਹੁੰਚਾਉਂਦੇ। ਪਰ ਸਾਨੂੰ ਅਫਸੋਸ ਹੈ ਕਿ ਸਮੇਂ ਦੀ ਘਾਟ ਕਾਰਨ ਅਸੀਂ ਇਹ ਗੱਲਬਾਤ ਨਹੀਂ ਕਰ ਸਕੇ। ਸਾਨੂੰ ਆਸ ਹੈ ਕਿ ਸਾਡੇ ਪਾਠਕਾਂ ਨੂੰ ਦਵਿੰਦਰ ਦਮਨ ਹੁਰਾਂ ਨਾਲ ਕੀਤੀ ਗੱਲਬਾਤ ਤੋਂ ਪੰਜਾਬੀ ਰੰਗਮੰਚ ਬਾਰੇ ਕਾਫੀ ਜਾਣਕਾਰੀ ਮਿਲ ਸਕੇਗੀ।

(-ਸੰਪਾਦਕ)

? :- ਦਮਨ ਜੀ ਸੱਭ ਤੋਂ ਪਹਿਲਾਂ ਅਸੀਂ ਤੁਹਾਥੋਂ ਸੰਖੇਪ ਵਿੱਚ ਪੰਜਾਬੀ ਥੀਏਟਰ ਦੇ ਇਤਿਹਾਸ ਬਾਰੇ ਅਤੇ ਉਸ ਵਿੱਚ ਚਲ ਰਹੀਆਂ ਮੌਜੂਦਾ ਸਮੱਸਿਆਵਾਂ ਬਾਰੇ ਜਾਨਣਾ ਚਾਹਾਂਗੇ?

ਦਮਨ : ਪੰਜਾਬੀ ਥੀਏਟਰ ਦੇ ਇਤਿਹਾਸ ਦਾ ਤਾਂ ਸੱਭ ਤੋਂ ਸਾਰਿਆਂ ਨੂੰ ਪਤਾ ਹੀ ਹੈ ਆਮ ਕਰ ਉਹਨਾਂ ਨੂੰ ਇਹਨੇ ਅਖਬਾਰਾਂ ਰਾਹੀਂ ਪੜ੍ਹਦੇ ਰਹਿੰਦੇ ਹਨ। ਇਸ ਲਈ ਮੇਰਾ ਖਿਆਲ ਹੈ ਕਿ ਅਸੀਂ ਮੌਜੂਦਾ ਸਥਿਤੀ ਬਾਰੇ ਗੱਲ ਕਰੀਏ। ਪੰਜਾਬੀ ਥੀਏਟਰ ਦੂਜੇ ਸੂਬਿਆਂ, ਇਪਟਾ ਅਤੇ ਨੈਸ਼ਨਲ ਸਕੂਲ ਆਫ ਡਰਾਮਾ ਦੇ ਅਸਰ ਹੇਠਾਂ ਪਨਪ ਰਿਹਾ ਹੈ। ਮੈਂ ਇਹ ਤਾਂ ਨਹੀਂ ਕਹਿੰਦਾ ਕਿ ਸਾਡਾ ਥੀਏਟਰ ਬਾਕੀ ਸੂਬਿਆਂ ਦੇ ਮੁਕਾਬਲੇ ਪਿਛੇ ਹੈ, ਹੋਰ ਵੀ ਕਈ ਸੂਬਿਆਂ ਵਿੱਚ ਸਾਡੇ ਵਾਂਗ ਥੀਏਟਰ ਨਹੀਂ ਹੋਇਆ। ਫੇਰ ਵੀ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਜਿਹੜੇ ਸੂਬਿਆਂ ਵਿੱਚ ਥੀਏਟਰ ਵਧ ਗਿਆ ਹੈ ਅਸੀਂ ਉਹਨਾਂ ਨਾਲ ਮੋਢਾ ਜੋੜਕੇ ਚੱਲੀਏ। ਕਈ ਸੂਬੇ ਸਾਡੇ ਤੋਂ ਕਾਫੀ ਅੱਗੇ ਹਨ ਜਿਵੇਂ ਬੰਗਾਲ ਹੈ, ਮਹਾਂਰਾਸ਼ਟਰ ਹੈ ਇਸੇ ਤਰ੍ਹਾਂ ਦਖਣ ਵਿੱਚ ਕਈ ਥਾਵਾਂ ਹਨ। ਮੁੱਖ ਤੌਰ ਤੇ ਪੰਜਾਬ ਵਿੱਚ ਤਿੰਨ ਗਰੁੱਪ ਕੰਮ ਕਰ ਰਹੇ ਹਨ ਇੱਕ "ਪੰਜਾਬ ਕਲਾ ਮੰਚ" ਜਿਸਦੇ ਸੰਚਾਲਕ ਹਰਪਾਲ ਟਿਵਾਣਾ ਜੀ ਨੇ, ਦੂਜਾ ਹੈ "ਅੰਮ੍ਰਿਤਸਰ ਸਕੂਲ ਆਫ ਡਰਾਮਾ' ਜਿਸਦੇ ਸੰਚਾਲਕ ਸਰਦਾਰ ਗੁਰਸ਼ਰਨ ਸਿੰਘ ਜੀ ਨੇ ਅਤੇ ਤੀਸਰਾ ਗਰੁੱਪ 'ਲੋਕ ਵਿਰਸਾ ਰੰਗ ਮੰਚ' ਜਿਹੜਾ 'ਲੋਕ ਵਿਰਸਾ' ਤੁਸਾਂ ਦੇ ਸਰਪ੍ਰਸਤ ਹੇਠ ਚਲਾਕੇ ਅਸੀਂ ਉਹਨਾਂ ਦੀ ਮਦਦ ਵਿੱਚ ਚਲਾਇਆ, ਉਸਨੂੰ ਮੈਂ ਚਲਾ ਰਿਹਾ ਹਾਂ। ਇਸ ਤਰ੍ਹਾਂ ਅਸੀਂ ਤਿੰਨੇ ਗਰੁੱਪ ਵੱਧ ਵੱਧ ਕੋਸ਼ਿਸ਼ ਕਰ ਰਹੇ ਹਾਂ। ਇਸਤੋਂ ਇਲਾਵਾ ਕੁਝ ਨਵੇਂ ਗਰੁੱਪ ਜਾਂ ਬੰਦੇ ਵੀ ਅੱਗੇ ਆਏ ਹਨ ਜਿਵੇਂ ਸਰਦਾਰਜੀਤ ਬਾਵਾ ਹੈ ਉਹਦੇ ਵਿੱਚ ਕਾਫੀਆਂ ਸੰਭਾਵਨਾਵਾਂ ਹਨ ਜੇ ਉਹ ਸਬਰ ਤੋਂ ਕੁਝ ਕੰਮ ਲੈ ਕੇ ਸਾਥ ਕਰਦੇ ਸਾਇੰਟਿਫਿਕ ਲੀਹਾਂ ਤੇ ਥੀਏਟਰ ਨੂੰ ਵਿਕਸਾਵੇ। ਬਾਕੀ ਚੰਡੀਗੜ੍ਹ ਅੰਦਰ ਸਮੱਸਿਆਵਾਂ ਕਾਫੀਆਂ ਰਹਿੰਦੀਆਂ ਹਨ। ਇੱਕ ਨਵਾਂ ਮੁੰਡਾ ਸੁਦਰਸ਼ਨ ਚੌਧਰੀ ਹੈ ਉਸਨੇ ਆਪਣੇ ਪਿੰਡ ਆਪਣੇ ਘਰ ਅੰਦਰ ਇੱਕ ਥੀਏਟਰ ਬਣਾਇਆ ਹੈ। ਇਸ ਤੋਂ ਬਿਨਾਂ ਪੰਜਾਬ ਯੂਨੀਵਰਸਿਟੀ ਦਾ ਇੰਡੀਅਨ ਥੀਏਟਰ ਵਿਭਾਗ ਅਤੇ ਪੰਜਾਬੀ ਯੂਨੀਵਰਸਿਟੀ ਦਾ "ਡਰਾਮਾ ਐਂਡ ਥੀਏਟਰ ਵਿਭਾਗ" ਉਸਦੀ ਵੀ ਚੰਗੀ ਦੇਣ ਹੈ। ਇਹਨਾਂ ਵਿਚੋਂ ਜਿਹੜੇ ਵਿਦਿਆਰਥੀ ਨਿਕਲਦੇ ਨੇ ਉਹ ਜਿਥੇ ਜਾਂ ਜਿਵੇਂ ਤਰ੍ਹਾਂ ਆਪਣੇ ਆਪ ਨੂੰ ਸਥਾਪਿਤ ਕਰਦੇ ਨੇ ਪਰ ਅਜੇ ਕੋਈ ਇਸ ਤਰ੍ਹਾਂ ਦੀ ਗੱਲ ਨਹੀਂ ਹੋਈ ਕਿ ਉਹਨਾਂ ਕਰਕੇ ਬਹੁਤ ਸਮੱਸਿਆਵਾਂ ਹੋਈਆਂ ਹੋਣ। ਇਨ੍ਹਾਂ ਵਿਚੋਂ ਕੁਝ ਕੈਰ ਸਾਡੇ ਗਰੁੱਪ ਵਿੱਚ ਆ ਜਾਂਦੇ ਹਨ ਕੁੱਝ ਟੀ.ਵੀ. ਵੱਲ ਚਲੇ ਜਾਂਦੇ ਹਨ। ਫੇਰ ਵੀ ਥੀਏਟਰ ਵੱਲ ਪੂਰਾ ਧਿਆਨ ਦਿੱਤਾ ਜਾ ਰਿਹਾ ਹੈ। ਐਂਟਰਟੇਨਮੈਂਟ ਟੈਕਸ ਨੂੰ ਵੀ ਮੁਆਫ ਕਰਵਾਉਣ ਲਈ ਯਤਨ ਹੋ ਰਹੇ ਹਨ ਜਿਹੜਾ ਕਿ ਪੰਜਾਬ ਵਿੱਚ ਮੁਆਫ ਨਹੀਂ ਅਤੇ ਜਿਹੜਾ ਮੁਆਫ ਹੋਣਾ ਅਤਿ ਜ਼ਰੂਰੀ ਹੈ। ਇਸ ਤੋਂ ਬਿਨਾਂ ਪਿਛੇ ਜਿਹੇ ਸਰਕਾਰ ਵਲੋਂ ਵੀ ਕੁਝ ਯਤਨ ਕੀਤੇ ਗਏ ਹਨ, ਦੋ ਢਾਈ ਸਾਲਾਂ ਤੋਂ ਗਰਾਂਟਾਂ ਦੇਣੀਆਂ ਦਿੱਤੀਆਂ ਹਨ। ਇਸ ਸਾਲ ਪਤਾ ਨਹੀਂ ਕਿਉਂ ਨਹੀਂ ਦਿੱਤੀਆਂ ਗਈਆਂ। ਸੋ ਮੋਟੇ ਤੌਰ ਤੇ ਪੰਜਾਬੀ ਥੀਏਟਰ ਵਿੱਚ ਅਜਕਲ੍ਹ ਇਸ ਤਰ੍ਹਾਂ ਦੀਆਂ ਸਮੱਸਿਆਵਾਂ ਹੋ ਰਹੀਆਂ ਹਨ।

? : ਜਿਵੇਂ ਪਿਛਲੇ ਦੋ ਤਿੰਨ ਦਹਾਕਿਆਂ ਵਿੱਚ ਪੰਜਾਬੀ ਸਾਹਿਤ ਨੇ ਕਾਫੀ ਹੈਰਾਨਕੁਨ ਤਰੱਕੀ ਕੀਤੀ ਹੈ, ਕੀ ਤੁਹਾਡੇ ਖਿਆਲ ਵਿੱਚ ਪੰਜਾਬੀ ਥੀਏਟਰ ਵੀ ਉਸੇ ਤੇਜ਼ੀ ਨਾਲ ਅੱਗੇ ਵਧਿਆ ਹੈ?

ਦਮਨ : ਜਿਥੋਂ ਤਕ ਜਿਵੇਂ ਕਵਿਤਾ, ਕਹਾਣੀ ਅਤੇ ਨਾਵਲ ਦਾ ਥੀਏਟਰ ਨਾਲ ਕੋਈ ਸਿੱਧਾ ਸਬੰਧ ਨਹੀਂ ਇਸ ਕਰਕੇ ਇਹਦਾ ਥੀਏਟਰ ਉਪਰ ਕੋਈ ਅਸਰ ਵੀ ਨਹੀਂ। ਹਾਂ ਜਿਥੋਂ ਤਕ ਵਿੱਚ ਛਪੀਆਂ ਜਿਹੇ ਨਾਟਕਾਂ ਨਾਲ ਥੀਏਟਰ ਦਾ ਸਬੰਧ ਹੈ ਪਰ ਜੇ ਮੁਕਾਬਲਾ ਕਰੀਏ ਤਾਂ ਪੰਜਾਬੀ ਸਾਹਿਤ ਦੇ ਨਾਲ ਨਾਲ ਥੀਏਟਰ ਨੇ ਵੀ ਬਹੁਤ ਤਰੱਕੀ ਕੀਤੀ ਹੈ। ਨਵੀਆਂ ਨਵੀਆਂ ਟੈਕਨੀਕਾਂ ਤੇ ਡਾਇਰੈਕਟਰ [illegible] ਹੋਏ ਹਨ। ਨੈਸ਼ਨਲ ਸਕੂਲ ਆਫ ਡਰਾਮਾ ਅਤੇ ਥੀਏਟਰ ਵਿਭਾਗਾਂ ਦੁਆਰਾ ਪੱਛਮ ਵਿੱਚ ਚਲ ਰਹੀਆਂ ਟੈਕਨੀਕਾਂ ਦੀ ਸਾਇੰਟਿਫਿਕ ਤਰੀਕੇ ਨਾਲ 'ਇੰਟਰੋਡਕਸ਼ਨ' ਹੁੰਦੀ ਰਹਿੰਦੀ ਹੈ, ਇਸੇ ਤਰ੍ਹਾਂ ਅਸੀਂ ਇਨ੍ਹਾਂ ਟੈਕਨੀਕਾਂ ਨੂੰ 'ਅਡਾਪਟ' ਕਰਦੇ ਰਹਿੰਦੇ ਹਾਂ। ਟੈਕਨੀਕੀ ਤੌਰ ਤੇ ਥੀਏਟਰ ਕਾਫੀ ਵਿਕਸਤ ਹੋਇਆ ਹੈ। ਇਹ ਗੱਲ ਵਖਰੀ ਹੈ ਕਿ ਪੈਸਾ ਨਾਂ ਮਿਲਣ ਕਰਕੇ, ਲੋੜੀਂਦੀ ਆਰਥਿਕ ਸਹਾਇਤਾ ਨਾਂ ਮਿਲਣ ਕਰਕੇ ਬਹੁਤ ਸਾਰੀਆਂ ਤਕਨੀਕਾਂ ਸਾਡੇ ਮਨ ਵਿੱਚ ਹੀ ਰਹਿ ਜਾਂਦੀਆਂ ਹਨ ਜਿੰਨ੍ਹਾਂ ਨੂੰ ਅਸੀਂ 'ਇੰਟਰੋਡਿਊਸ' ਨਹੀਂ ਕਰ ਸਕਦੇ।

? : ਪੰਜਾਬੀ ਸਾਹਿਤਕਾਰਾਂ ਨੂੰ ਇਹ ਗਿਲਾ ਰਹਿੰਦਾ ਹੈ ਕਿ ਉਹਨਾਂ ਨੂੰ ਉਸ ਤਰ੍ਹਾਂ ਦੇ ਪਾਠਕ ਨਹੀਂ ਮਿਲਦੇ ਜਿਸ ਤਰ੍ਹਾਂ ਦੇ ਉਹ ਚਾਹੁੰਦੇ ਹਨ। ਕੀ ਪੰਜਾਬੀ ਥੀਏਟਰ ਦੇ ਲੋਕਾਂ ਨੂੰ ਵੀ ਏਸ ਤਰ੍ਹਾਂ ਦਾ ਗਿਲਾ ਹੈ। ਕਿ ਉਹਨਾਂ ਨੂੰ ਵੀ ਉਸ ਤਰ੍ਹਾਂ ਦੇ ਦਰਸ਼ਕ ਨਹੀਂ ਮਿਲਦੇ ਜਿਸ ਤਰ੍ਹਾਂ ਦੇ ਉਹ ਚਾਹੁੰਦੇ ਹਨ?

ਰਮਨ : ਮੈਂ ਸਮਝਦਾ ਹਾਂ ਕਿ ਸਾਡੇ ਕੋਈ ਇਸ ਤਰ੍ਹਾਂ ਦਾ ਦਰਸ਼ਕਾਂ ਬਾਰੇ ਸ਼ਿਕਵਾ ਨਹੀਂ ਕਿਉਂਕਿ ਥੀਏਟਰ ਲੋਕਾਂ ਵਿੱਚ ਬਹੁਤ ਪ੍ਰਚਲਤ ਹੋ ਗਿਆ ਹੈ। ਜੇ ਉਚੇਚੇ ਤੌਰ ਤੇ ਪੜ੍ਹੇ ਲਿਖੇ ਆਮ ਲੋਕਾਂ ਨੂੰ ਵੇਖਿਆ ਜਾਵੇ ਕਿ ਦਰਸ਼ਕਾਂ ਤੇ ਨਾਟਕ ਹੋ ਗਿਆ ਹੈ ਲੋਕ ਜ਼ਰੂਰ ਆਉਂਦੇ ਹਨ। ਕੋਈ ਕਾਰਨ ਨਹੀਂ ਕਿ ਨਹੀਂ ਆਉਂਦੇ ਚਾਹੇ ਉਹ ਸ਼ਹਿਰਾਂ ਵਿੱਚ ਹੋਣ ਚਾਹੇ ਪਿੰਡਾਂ ਵਿੱਚ। ਕਈ ਵਾਰੀ ਆਰਥਿਕ ਸਾਧਨਾਂ ਦੀ ਘਾਟ ਕਾਰਨ ਅਸੀਂ ਪੂਰੀ ਤਰ੍ਹਾਂ ਸੂਚਨਾ ਲੋਕਾਂ ਤੱਕ ਨਹੀਂ ਪਹੁੰਚਾ ਸਕਦੇ ਅਤੇ ਲੋਕ ਨਹੀਂ ਆਉਂਦੇ। ਇਹ ਸਾਡੀ ਆਪਣੀ ਘਾਟ ਹੁੰਦੀ ਹੈ ਲੋਕਾਂ ਦੀ ਨਹੀਂ। ਸਾਡੇ ਕੋਲ ਚੰਗੇ ਥੀਏਟਰ ਨਹੀਂ ਇਸ ਕਰਕੇ ਵੀ ਕਈ ਵਾਰੀ ਲੋਕ ਨਹੀਂ ਆਉਂਦੇ। ਇਸ ਲਈ ਮੈਂ ਤਾਂ ਇਹ ਹੀ ਕਹਿ ਸਕਦਾ ਹਾਂ।

ਕਿ ਜੇ ਲੋਕਾਂ ਨੂੰ ਠੀਕ ਤਰ੍ਹਾਂ ਸੂਚਨਾ ਮਿਲੇ, ਅਤੇ ਕੋਲ ਥੀਏਟਰ ਚੰਗਾ ਹੋਵੇ, ਲੋਕ ਜ਼ਰੂਰ ਆਉਂਦੇ ਹਨ।

? : ਤੁਸੀਂ ਹੁਣੇ ਪਿੰਡਾਂ ਅਤੇ ਸ਼ਹਿਰਾਂ ਦੀ ਗੱਲ ਕੀਤੀ ਹੈ ਕੀ ਤੁਹਾਡੇ ਖਿਆਲ ਵਿੱਚ ਪੰਜਾਬੀ ਥੀਏਟਰ ਪਿੰਡਾਂ ਵਿੱਚ ਜ਼ਿਆਦਾ ਪਾਪੂਲਰ ਹੈ ਜਾਂ ਸ਼ਹਿਰਾਂ ਵਿੱਚ?

ਰਮਨ : ਸ਼ਹਿਰਾਂ ਵਿੱਚ ਮਨੋਰੰਜਨ ਦੇ ਹੋਰ ਸਾਧਨ ਵੀ ਹਨ। ਇਸ ਲਈ ਕੁਦਰਤੀ ਤੌਰ ਤੇ ਪੰਜਾਬੀ ਥੀਏਟਰ ਸ਼ਹਿਰਾਂ ਵਿੱਚ ਪਾਪੂਲਰ ਨਹੀਂ ਜਿੰਨਾ ਪਿੰਡਾਂ ਵਿੱਚ ਹੈ। ਮੈਂ ਵੱਡੇ ਸ਼ਹਿਰਾਂ ਦੀ ਗੱਲ ਕਰ ਰਿਹਾ ਹਾਂ ਜਿਵੇਂ ਚੰਡੀਗੜ੍ਹ ਵਗੈਰਾ। ਉਸ ਤਰ੍ਹਾਂ ਅੰਮ੍ਰਿਤਸਰ ਵਿੱਚ ਪੰਜਾਬੀ ਥੀਏਟਰ ਬਥੇਰਾ ਅੱਗੇ ਹੋ ਗਿਆ ਹੈ। ਲੋਕ ਉਸ ਤਰ੍ਹਾਂ ਅਤੇ ਉਨਾ ਹੀ ਇਹਨੂੰ ਪਸੰਦ ਕਰਦੇ ਹਨ ਜਿਸ ਤਰ੍ਹਾਂ ਪਿੰਡਾਂ ਵਿੱਚ ਕਰਦੇ ਹਨ। ਪਰ ਫਿਰ ਵੀ ਜਿੰਨੀ ਲੋੜ ਥੀਏਟਰ ਦੀ ਪਿੰਡਾਂ ਵਾਲਿਆਂ ਨੂੰ ਹੈ ਉਨੀ ਸ਼ਹਿਰਾਂ ਵਾਲਿਆਂ ਨੂੰ ਨਹੀਂ ਕਿਉਂਕਿ ਸ਼ਹਿਰਾਂ ਵਿੱਚ ਮਨੋਰੰਜਨ ਦੇ ਹੋਰ ਸਾਧਨ ਵੀ ਹਨ।

? : ਕੀ ਪਿੰਡਾਂ ਅਤੇ ਸ਼ਹਿਰਾਂ ਦੇ ਥੀਏਟਰ ਵਿੱਚ ਕਿਸੇ ਤਰ੍ਹਾਂ ਦਾ ਸਪਸ਼ਟ ਫਰਕ ਹੈ। ਕਿਸੇ ਪੱਖੋਂ ਜਾਂ ਸਟੇਜ ਪੱਖੋਂ? ਪਿੰਡਾਂ ਵਿੱਚ ਸ਼ਹਿਰਾਂ ਦੇ ਮੁਕਾਬਲੇ ਘੱਟ ਸਹੂਲਤਾਂ ਹਨ, ਜੋ ਤੁਹਾਨੂੰ ਤਮਾਸ਼ਾ ਸਟੇਜ ਕਰਨ ਲਈ ਪਿੰਡਾਂ ਵਿੱਚ ਕਿਸ ਤਰ੍ਹਾਂ ਦੀਆਂ ਮੁਸ਼ਕਿਲਾਂ ਆਉਂਦੀਆਂ ਹਨ?

ਰਮਨ : ਪਿੰਡਾਂ ਵਿੱਚ ਅਸੀਂ ਜਿਹੜਾ ਤਮਾਸ਼ਾ ਲੈ ਕੇ ਜਾਵਾਂਗੇ, ਉਸਦੇ ਕਿਸੇ ਬਾਰੇ ਸਾਨੂੰ ਖਾਸ ਧਿਆਨ ਰੱਖਣਾ ਪਵੇਗਾ। ਕੀ ਇਹ ਨਾਟਕ ਪਿੰਡਾਂ ਵਿੱਚ ਖੇਡਿਆ ਜਾ ਸਕਦਾ ਹੈ ਜਾਂ ਨਹੀਂ? ਹੋਰ ਤਕਨੀਕਾਂ(?) ਵਾਲੇ ਨਾਟਕ ਅਸੀਂ ਪਿੰਡਾਂ ਵਿੱਚ ਨਹੀਂ ਕਰ ਸਕਦੇ। ਜਿਹਨਾਂ ਖ਼ਾਸ ਜਾਂ ਅਜਿਹੇ ਹੋਰ ਨਾਟਕ ਜਿਹੜੇ ਪੇਂਡੂ ਸਮਾਜ ਦੇ ਮੇਚ ਨਹੀਂ ਆਉਂਦੇ ਜਿਹੜੇ ਕਿ ਅਸੀਂ ਸ਼ਹਿਰਾਂ ਦੇ ਪੜ੍ਹੇ ਲਿਖੇ ਦਰਸ਼ਕਾਂ ਦੇ ਸਾਹਮਣੇ ਕਰ ਸਕਦੇ ਹਾਂ, ਅਸੀਂ ਪਿੰਡਾਂ ਵਿੱਚ ਨਹੀਂ ਕਰ ਸਕਦੇ। ਇਹ ਤਾਂ ਹੋ ਸਕਦਾ ਹੈ ਕਿ ਜਿਹੜੇ ਨਾਟਕ ਪਿੰਡਾਂ ਦੇ ਅਨੁਕੂਲ ਹੁੰਦੇ ਹਨ ਉਹ ਸ਼ਹਿਰਾਂ ਦੇ ਅਨੁਕੂਲ ਵੀ ਹੋਣ ਪਰ ਕਈ ਵਾਰੀ ਸ਼ਹਿਰਾਂ ਵਿੱਚ ਖੇਡੇ ਜਾਣ ਵਾਲੇ ਨਾਟਕ ਪਿੰਡਾਂ ਦੇ ਅਨੁਕੂਲ ਨਹੀਂ ਹੁੰਦੇ।

? : ਪੰਜਾਬੀ ਥੀਏਟਰ ਉੱਪਰ ਧਾਰਮਿਕ, ਦਾਰਸ਼ਨਿਕ ਅਤੇ ਸਿਆਸੀ ਅਦਾਰਿਆਂ (ਸਮੇਤ ਹੁਣ ਤੱਕ ਬਣੀਆਂ ਸਰਕਾਰਾਂ) ਵੱਲੋਂ ਕਿਸ ਕਿਸਮ ਦੀਆਂ ਬੰਦਸ਼ਾਂ ਲਾਈਆਂ ਗਈਆਂ ਹਨ ਅਤੇ ਕਿਸ ਤਰ੍ਹਾਂ ਦੀਆਂ ਛੋਟਾਂ ਦਿੱਤੀਆਂ ਗਈਆਂ ਹਨ। ਇਸਦੇ ਨਾਲ ਹੀ ਇਹਨਾਂ ਵਿੱਚੋਂ ਕਿਸੇ ਅਦਾਰੇ ਜਾਂ ਅਦਾਰਿਆਂ ਨੇ ਵੀ ਪੰਜਾਬੀ ਥੀਏਟਰ ਨੂੰ ਅੱਗੇ ਲਿਜਾਣ ਲਈ ਯੋਗ ਹਿੱਸਾ ਪਾਇਆ?

ਰਮਨ : ਮੈਂ ਸਮਝਦਾ ਹਾਂ ਕਿ ਪੰਜਾਬੀ ਥੀਏਟਰ ਅਜੇ ਤੱਕ ਸਰਕਾਰੀ ਸਹੀ ਦੇ ਇੰਤਜ਼ਾਰ(?) ਵਿੱਚ ਘੱਟ ਵੀ ਵੱਧ ਨਾਲ ਹੀ ਵਿਕਸਿਆ ਹੋਇਆ ਹੈ। ਸਾਨੂੰ ਆਸਰਾ ਕੋਈ ਥੋੜਾ ਹੈ। ਪੰਜਾਬੀ ਵਿੱਚ ਜੇ ਅਸੀਂ ਇਤਿਹਾਸਕ ਗੱਲ ਵੀ ਕਰਨਾ ਚਾਹੀਏ ਤਾਂ ਉਹ ਵੀ ਬਹੁਤ ਵਾਰੀ ਸਿੱਖ ਧਰਮ ਉੱਪਰ ਹੀ ਆ ਜਾਂਦੀ ਹੈ। ਮੈਂ ਸਮਝਦਾ ਹਾਂ ਗੁਰਸ਼ਰਨ ਸਿੰਘ ਹੁਰਾਂ ਇਸ ਵਿੱਚ ਵਧੀਆ ਤਜਰਬੇ ਕੀਤੇ ਹਨ। ਉਨ੍ਹਾਂ ਨੇ ਸਿੱਖ ਧਰਮ ਦੀ ਗੱਲ ਕਰਕੇ ਨਾਲ ਦੀ ਨਾਲ ਸਮਕਾਲੀ ਅਸਲੀਅਤਾਂ ਨੂੰ ਲਿਆਉਣ ਦਾ ਯਤਨ ਕੀਤਾ ਹੈ ਇਹ ਵੀ ਮੇਰੇ ਖਿਆਲ ਵਿੱਚ ਅਜੇ ਵੀ ਪੰਜਾਬੀ ਥੀਏਟਰ ਵਿੱਚ ਧਾਰਮਿਕ ਅਦਾਰਿਆਂ ਦਾ ਰੋਲ ਵੀ ਹੈ ਅਤੇ ਵਿਰੋਧਤਾ ਵੀ। ਇਹ ਦਰਸ਼ਕ ਉੱਪਰ ਨਿਰਭਰ ਕਰਦਾ ਹੈ। ਜੇਕਰ ਤਾਂ ਉਹਨਾਂ ਨੂੰ ਥੀਏਟਰ ਨੂੰ ਵਰਤਣ ਦੀ ਲੋੜ ਹੁੰਦੀ ਹੈ ਉਦੋਂ ਇਹ ਇਸਨੂੰ ਵਰਤ ਲੈਂਦੇ ਹਨ ਜਾਂ ਕਈ ਵਾਰੀ ਅਸੀਂ ਇਸ ਵਿੱਚ ਆਪਣੀ ਗੱਲ ਕਹਿ ਜਾਂਦੇ ਹਾਂ। ਪਰ ਕਈ ਵਾਰੀ ਉਹ ਇਸਦੀ ਵਿਰੋਧਤਾ ਕਰਦੇ ਹਨ। ਜਿਵੇਂ ਹੁਣ 'ਨਾਦੀ ਸ਼ਿੰਦਾ'(?) ਦੀ ਪਾਬੰਦੀ ਜਾਂ ਹਰਚਰਨ ਸਿੰਘ ਵੀ ਇੰਦ ਦੀ ਗੱਲ ਹੈ, ਮੇਰੇ ਆਪਣੇ ਨਾਟਕ 'ਸੂਰਜ ਦਾ ਕਤਲ' ਦੀ ਉਨ੍ਹਾਂ ਕਾਫੀ ਵਿਰੋਧਤਾ ਕੀਤੀ ਹੈ ਅਤੇ ਜਿਥੇ ਉਹਨਾਂ ਨੂੰ ਲੋੜ ਪਈ ਧਾਰਮਿਕ ਅਦਾਰੇ ਇਨ੍ਹਾਂ ਨਾਟਕਾਂ ਨੂੰ ਵਰਤਦੇ ਵੀ ਰਹੇ ਹਨ। ਲੋੜ-ਲੋੜ ਕਰਕੇ ਅਸੀਂ ਇਹ ਕਹਿ ਸਕਦੇ ਹਾਂ ਕਿ ਧਾਰਮਿਕ ਅਦਾਰਿਆਂ ਦਾ ਨਾਟਕ ਨੂੰ ਅੱਗੇ ਲਿਜਾਣ ਵਿੱਚ ਵੀ ਰੋਲ ਹੈ ਅਤੇ ਇਸਦੀ ਵਿਰੋਧਤਾ ਕਰਨ ਵਿੱਚ ਵੀ। ਇਸਤੋਂ ਬਾਅਦ ਗੱਲ ਸਰਕਾਰ ਦੀ ਆਉਂਦੀ ਹੈ। ਸਰਕਾਰ ਨੇ ਇੱਕ ਡੈਪਰਟਮੈਂਟ ਬਣਾਈ ਸੀ। ਜੋ ਸਰਕਾਰ ਦੀ ਮਰਜ਼ੀ ਹੁੰਦੀ ਉਸ ਵਿੱਚ ਤਮਾਸ਼ੇ ਹੋਣ ਦਿੰਦੀ ਨਹੀਂ ਤਾਂ ਨਹੀਂ। ਅਖੀਰ ਵਿੱਚ ਉਹ ਤੋੜ ਦਿੱਤੀ ਗਈ। ਸਾਡੇ ਕੁਝ ਲੋਕਾਂ ਨੇ ਜਿਹੜੇ ਥੀਏਟਰ ਲਈ ਕੁਝ ਕਰਨਾ ਚਾਹੁੰਦੇ ਸੀ ਜਿਵੇਂ ਸ਼ਰਧਾ ਹਰਚਰਨ ਸਿੰਘ, ਐਸ.ਐਸ. ਭੱਟੀ ਅਤੇ ਕੁਝ ਹੋਰਾਂ ਸਰਕਾਰ ਕੋਲ ਗਰਾਂਟਾਂ ਦਵੈਣ ਲਈ ਪਹੁੰਚ ਕੀਤੀ। ਸਰਕਾਰ ਦੀ ਪਹੁੰਚ ਕਾਰਨ ਤੇ ਹੀ ਕੰਮ ਦਿੰਦੀ ਹੈ। ਇਸ ਤੋਂ ਪਿਛਾਂ ਜਾਵੇਂ ਕੋਈ ਵੀ ਸਰਕਾਰ ਹੋਵੇ ਜੇ ਉਸ ਕੋਲ ਪਹੁੰਚ ਨਾ ਕੀਤੀ ਜਾਵੇ ਅਸੀਂ ਉਸਨੂੰ ਥੀਏਟਰ ਦੇ ਪੈਂਡੇ ਲਈ ਨਹੀਂ ਵਰਤ ਸਕਦੇ ਜਿਵੇਂ ਕਿ ਅਜੇ ਤੱਕ ਪੰਜਾਬ ਦੀ ਕਿਸੇ ਵੀ ਸਰਕਾਰ ਨੇ ਸਪਸ਼ਟ ਤੌਰ ਥੀਏਟਰ ਉੱਪਰ

ਟੈਕਸ ਮੁਆਫ਼ ਦਾ ਐਲਾਨ ਨਹੀਂ ਕੀਤਾ। ਤੀਸਰੀ ਗੱਲ ਹੈ ਸਿਆਸਤ ਦੀ। ਸਿਆਸੀ ਤੌਰ ਤੇ ਮੈਂ ਸਮਝਦਾ ਹਾਂ ਪਿਛਲੇ ਸਮੇਂ ਵਿੱਚ ਕਮਿਊਨਿਸਟ ਨਾਟਕ ਟੋਲਿਆਂ ਅਤੇ ਕਮਿਊਨਿਸਟਾਂ ਨੇ ਨਾਟਕ ਵਿੱਚ ਕਾਫ਼ੀ ਰੋਲ ਅਦਾ ਕੀਤਾ ਹੈ ਜਿਹੜੇ ਰੀਐਕਸ਼ਨ ਵਿੱਚ ਪੰਜਾਬ ਸਰਕਾਰ ਨੇ ਉਏ ਲੋਕ ਸੰਪਰਕ ਵਿਭਾਗ ਕਾਇਮ ਕੀਤਾ। ਪਰ ਲੋਕ ਸੰਪਰਕ ਵਿਭਾਗ ਦੇ ਟੋਲਿਆਂ ਕੋਲ ਲੋਕਾਂ ਦੀ ਮੌਜੂਦਾ ਹਾਲਤ ਬਾਰੇ ਕਹਿਣ ਲਈ ਕੋਈ ਗੱਲ ਨਹੀਂ ਹੈ। ਸਰਕਾਰ ਦੀ ਵਿਰੋਧਤਾ, ਆਲੋਚਨਾ ਜਾਂ ਉਸ ਉਪਰ ਵਿਅੰਗ ਕਰਨ ਦੀ ਉਨ੍ਹਾਂ ਕੋਲ ਆਸ ਹੀ ਨਹੀਂ ਰੱਖੀ ਜਾ ਸਕਦੀ। ਕਿਉਂਕਿ ਲੋਕ ਇਸ ਸਮੇਂ ਕਾਫ਼ੀ ਸੰਕਟ ਭਰਿਆ ਜੀਵਨ ਜੀ ਰਹੇ ਹਨ, ਇਸ ਲਈ ਕਮਿਊਨਿਸਟ ਨਾਟਕ ਟੋਲੇ ਲੋਕਾਂ ਦੀ ਗੱਲ ਕਰਕੇ ਨਾਟਕ ਲਈ ਜ਼ਿਆਦਾ ਕੰਮ ਕਰ ਰਹੇ ਹਨ ਭਾਂਵੇਂ ਉਹ ਸੀ.ਪੀ.ਆਈ. ਸੀ.ਪੀ. ਐਮ ਜਾਂ ਸੀ.ਪੀ. ਐਮ. ਐਲ ਦੇ ਹਨ। ਉਹਨਾਂ ਨੇ ਸ਼ੁਰੂ ਤੋਂ ਹੀ ਨਾਟਕਾਂ ਨੂੰ ਆਪਣੀ ਗੱਲ ਕਹਿਣ ਦਾ ਵੱਡਾ ਮਾਧਿਅਮ ਬਣਾਇਆ। ਉਨ੍ਹਾਂ ਨਾਲ ਸਬੰਧਤ ਸਿਆਸੀ ਅਦਾਰੇ ਉਨ੍ਹਾਂ ਨੂੰ ਆਪਣੀ ਆਪਣੀ ਵਿੱਤ ਮੁਤਾਬਕ ਇਨ੍ਹਾਂ ਨਾਟਕ ਟੋਲਿਆਂ ਨੂੰ ਮਦਦ ਦਿੰਦੇ ਹਨ ਪਰ ਇਹ ਸਹਾਇਤਾ ਉਹਨਾਂ ਦੇ ਆਪਣੇ ਨਾਟਕ ਟੋਲਿਆਂ ਤੱਕ ਹੀ ਸੀਮਤ ਹੈ। ਯੂਨਾਈਟਿਡ ਤੌਰ ਤੇ ਕੁੱਝ ਖੱਬੇ ਪੱਖੀ ਧਿਰਾਂ ਨੇ ਕੋਸ਼ਿਸ਼ ਕੀਤੀ ਹੈ ਕਿ 'ਇਪਟਾ' ਨੂੰ ਫੇਰ ਉਜਾਗਰ ਕੀਤਾ ਜਾਵੇ ਲੇਕਿਨ ਉਸ ਵਿੱਚ ਵੀ ਅਸੀਂ ਕੋਈ ਖਾਸ ਕੰਮ ਨਹੀਂ ਕਰ ਸਕੇ। ਮੈਂ ਇਪਟਾ ਦਾ ਜਨਰਲ ਸਕੱਤਰ ਹੁੰਦੇ ਹੋਏ ਇਹ ਗੱਲ ਕਹਿੰਦਾ ਹਾਂ ਅਸੀਂ ਕੋਸ਼ਿਸ਼ ਕਰ ਰਹੇ ਹਾਂ ਪਰ ਖੱਬੇ ਪੱਖੀ ਲੋਕਾਂ ਵਿੱਚ ਫੁੱਟ ਕਾਰਨ ਅਸੀਂ ਕੋਈ ਖਾਸ ਕੰਮ ਨਹੀਂ ਕਰ ਸਕੇ। ਇਕੱਲੇ ਦੁਕੱਲੇ ਗਰੁੱਪ ਦੇ ਯਤਨ ਭਾਂਵੇਂ ਕਿਸੇ ਰੂਪ ਵਿੱਚ ਹਨ ਉਹ ਜ਼ਿਆਦਾ ਹਨ ਜਿਵੇਂ ਕੋਈ ਗਰੁੱਪ ਹਿੰਮਤ ਕਰਕੇ ਗਰਾਂਟ ਵਗੈਰਾ ਲੈ ਲੈਂਦਾ ਹੈ, ਜਿਸ ਗਰੁੱਪ ਦਾ ਨਾਂ ਵਿਕਦਾ ਹੋਵੇ, ਉਸਨੂੰ ਸਪੌਂਸਰਸ਼ਿਪ ਮਿਲ ਜਾਂਦੀ ਹੈ। ਪਹਿਲਾਂ ਦੱਸੇ ਕੁੱਝ ਕੁ ਅਦਾਰਿਆਂ ਤੋਂ ਬਿਨਾਂ ਬਾਕੀ ਸਿਆਸੀ, ਧਾਰਮਿਕ ਅਤੇ ਸਰਕਾਰੀ ਅਦਾਰੇ ਥੀਏਟਰ ਲਈ ਉਚੇਚੇ ਤੌਰ ਤੇ ਕੁੱਝ ਨਹੀਂ ਕਰ ਰਹੇ। ਉਹ ਆਪਣੀ ਲੋੜ ਮੁਤਾਬਿਕ ਥੀਏਟਰ ਨੂੰ ਵਰਤਦੇ ਹਨ।

? : ਕੁਝ ਲੋਕ ਇਸ ਖਿਆਲ ਦੇ ਹਨ ਕਿ ਸਾਹਿਤ, ਥੀਏਟਰ ਜਾਂ ਕਿਸੇ ਵੀ ਕਲਾ ਨੂੰ ਸਿਆਸਤ ਲਈ ਵਰਤਣ ਕੋਈ ਮਾੜੀ ਗੱਲ ਨਹੀਂ। ਦੂਜੇ ਪਾਸੇ ਕੁਝ ਲੋਕ ਇਸ ਖਿਆਲ ਦੇ ਹਨ ਕਿ ਕਿਸੇ ਵੀ ਕਿਸਮ ਦੀ ਕਲਾ ਨੂੰ ਸਿਆਸਤ ਤੋਂ ਜਿੰਨਾਂ ਦੂਰ ਰੱਖਿਆ ਜਾ ਸਕੇ ਰੱਖਣਾ ਚਾਹੀਦਾ ਹੈ। ਤੁਹਾਡੇ ਖਿਆਲ ਵਿੱਚ ਸਿਆਸਤ ਅਤੇ ਥੀਏਟਰ ਦਾ ਕਿਸ ਤਰ੍ਹਾਂ ਦਾ ਰਿਸ਼ਤਾ ਹੋਣਾ ਚਾਹੀਦਾ ਹੈ?

ਰਮਨ : ਥੀਏਟਰ ਤਾਂ ਇੱਕ ਮਾਧਿਅਮ ਹੈ। ਉਸਨੂੰ ਆਪਾਂ ਸਾਹਿਤ ਦਾ ਇੱਕ ਹਿੱਸਾ ਕਹਿ ਸਕਦੇ ਹਾਂ। ਸਾਹਿਤ ਦੀ ਨਾਟਕ ਫਾਰਮ ਨੂੰ ਥੀਏਟਰ ਪੇਸ਼ ਕਰਦਾ ਹੈ। ਜਿਵੇਂ ਦਾਰਸ਼ਨਿਕ ਨੂੰ ਆਦਮੀ ਕਿਤਾਬ ਰਾਹੀਂ ਪੜ੍ਹ ਲੈਂਦਾ ਹੈ ਉਵੇਂ ਹੀ ਥੀਏਟਰ ਨਾਟਕ ਨੂੰ ਲੋਕਾਂ ਸਾਹਮਣੇ ਲਿਆਉਂਦਾ ਹੈ। ਸਾਹਿਤ ਅੰਦਰ ਜਿੱਥੋਂ ਤੱਕ ਸਿਆਸਤ ਦਾ ਦਖਲ, ਜਾਂ ਸਿਆਸੀ ਗੱਲ ਕਹਿਣ ਦੀ ਰਵਾਇਤ ਸਦਾ ਹੀ ਚੱਲੀ ਆਈ ਹੈ। ਸਾਰੇ ਔਰੀਐਂਟਲ ਸਾਹਿਤ ਲੈ ਲਵੋ ਉਸ ਵਿੱਚ ਵੀ ਸਮੇਂ ਸਮੇਂ ਸਿਆਸੀ ਗੱਲਾਂ ਕਹੀਆਂ ਗਈਆਂ ਹਨ। ਸਾਰੇ ਤੁਸੀਂ ਸਿੱਧੇ ਤੌਰ ਤੇ ਗੱਲ ਆਖੋ ਸਾਰੇ ਅਸਿੱਧੇ ਤੌਰ ਤੇ ਜਿਹੜੀ ਵੀ ਕੋਈ ਗੱਲ ਕਹੀ ਜਾਂਦੀ ਹੈ ਜਾਂ ਤਾਂ ਉਹ ਕਿਸੇ ਸਿਆਸੀ ਮਸਲੇ ਨੂੰ ਲੈ ਕੇ ਤੁਰ ਰਹੀ ਹੁੰਦੀ ਹੈ ਜਾਂ ਕਿਸੇ ਨੂੰ 'ਇਗਨੋਰ' ਕਰ ਰਹੀ ਹੁੰਦੀ ਹੈ। ਇਸ ਲਈ ਸਿਆਸਤ ਨੂੰ ਅਸੀਂ ਸਾਹਿਤ ਜਾਂ ਰੰਗਮੰਚ ਤੋਂ ਅਲੱਗ ਨਹੀਂ ਕਰ ਸਕਦੇ। ਜਦੋਂ ਕੋਈ ਗੱਲ ਸਾਹਿਤ ਜਾਂ ਰੰਗਮੰਚ ਰਾਹੀਂ ਕਹੀ ਜਾਂਦੀ ਹੈ। ਉਸ ਵਿੱਚ ਸਿਆਸਤ ਜ਼ਰੂਰ ਹੁੰਦੀ ਹੈ ਬੇਸ਼ਕ ਕੋਈ ਕਿੰਨਾ ਵੀ ਕਹੀ ਜਾਵੇ ਕਿ ਇਸ ਵਿੱਚ ਸਿਆਸਤ ਨਹੀਂ ਹੈ। ਸਾਹਿਤ ਜਾਂ ਰੰਗਮੰਚ ਸਦਾ ਹੀ ਕਿਸੇ ਨਾ ਕਿਸੇ ਸਿਆਸਤ ਦਾ ਜਾਂ ਤਾਂ ਸਮਰਥਨ ਕਰ ਰਿਹਾ ਹੁੰਦਾ ਹੈ ਜਾਂ ਖੰਡਨ। ਜਦੋਂ ਤੁਸੀਂ ਸਚੇਤ ਤੌਰ ਤੇ ਕਿਸੇ ਚੀਜ਼ ਨੂੰ ਸਿਆਸਤ ਤੋਂ ਵੱਖ ਕਰਨ ਦੀ ਕੋਸ਼ਿਸ਼ ਕਰ ਰਹੇ ਹੁੰਦੇ ਹੋ, ਉਹ ਵੀ ਇੱਕ ਸਿਆਸਤ ਹੁੰਦੀ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਸਿਆਸਤ ਨੂੰ ਸਾਹਿਤ ਜਾਂ ਰੰਗਮੰਚ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਥੀਏਟਰ ਜਿੰਨਾਂ ਕੁ ਸਿਆਸੀ ਤੌਰ ਤੇ ਚੇਤੰਨ ਹੋਵੇਗਾ ਉਨੀ ਗੱਲ ਜ਼ਰੂਰ ਕਰੇਗਾ। ਫ਼ਰਕ ਸਿਰਫ਼ ਏਨਾ ਹੋਵੇਗਾ ਕਿ ਕੀ ਉਹ ਕਲਾਤਮਕ ਢੰਗ ਨਾਲ ਗੱਲ ਕਰ ਰਿਹਾ ਹੈ ਜਾਂ ਪ੍ਰਚਾਰ ਕਰ ਰਿਹਾ ਹੈ। ਕਲਾਤਮਕ ਢੰਗ ਨਾਲ ਕਹੀ ਗੱਲ ਜ਼ਿਆਦਾ ਅਸਰ ਕਰਦੀ ਹੈ

? : ਜਦੋਂ ਤੁਸੀਂ ਕੋਈ ਡਰਾਮਾ ਸਟੇਜ ਕਰਨ ਲਈ ਚੁਣਦੇ ਹੋ ਤਾਂ ਤੁਸੀਂ ਕਿਹੜੀਆਂ ਕਿਹੜੀਆਂ ਗੱਲਾਂ ਦਾ ਧਿਆਨ ਰੱਖਦੇ ਹੋ। ਤੁਹਾਡੇ ਕੋਲ ਕਿਹੜੀਆਂ 'ਗਾਈਡਲਾਈਨਜ਼' ਹੁੰਦੀਆਂ ਹਨ ਜਿਨ੍ਹਾਂ ਉੱਪਰ 'ਬੇਸ' ਕਰਕੇ ਤੁਸੀਂ ਡਰਾਮਾ ਚੁਣਦੇ ਹੋ?

ਰਮਨ : ਸੱਭ ਤੋਂ ਪਹਿਲਾਂ ਮੈਂ ਨਾਟਕ ਦੇ ਵਿਸ਼ੇ ਬਾਰੇ ਸੋਚਦਾ ਹਾਂ। ਮੈਂ ਸੋਚਦਾ ਹਾਂ ਕਿ ਕੀ ਇਹ ਨਾਟਕ ਸਮਾਜ ਜਾਂ ਮਨੁੱਖੀ ਜ਼ਿੰਦਗੀ ਨੂੰ ਅੱਗੇ ਲਿਜਾਣ ਲਈ ਮਦਦ ਕਰੇਗਾ ਕਿ ਨਹੀਂ। ਕੀ ਇਸ ਵਿੱਚ ਕੋਈ ਸੁਨੇਹਾ ਹੈ? ਜੇ ਇਹ ਚੀਜ਼ਾਂ ਹਨ ਫਿਰ ਮੈਂ ਵੇਖਦਾ ਹਾਂ ਕਿ ਕੀ ਇਸ ਵਿੱਚ ਕਲਾ ਹੈ? ਤੀਸਰੀ ਜਾਂ ਚੌਥੀ ਗੱਲ ਇਹ ਆਉਂਦੀ ਕਿ ਕੀ ਮੈਂ ਇਸਨੂੰ ਉਨ੍ਹਾਂ ਪੈਸਿਆਂ ਸੰਗ ਸਟੇਜ ਕਰ ਸਕਦਾ ਹਾਂ ਜਿੰਨੇ ਕੁ ਮੇਰੇ ਹਨ। ਕੀ ਉਨੇ ਕਲਾਕਾਰ ਮੈਨੂੰ ਮਿਲ ਸਕਦੇ ਹਨ ਜਿੰਨੇ ਇਸ ਡਰਾਮਾ ਖੇਡਣ ਲਈ ਚਾਹੀਦੇ ਹਨ? ਕਈ ਵਾਰੀ ਚੰਗੇ ਨਾਟਕ ਸਾਨੂੰ ਇਸ ਲਈ ਛੱਡ ਕਰਨੇ ਪੈਂਦੇ ਹਨ ਕਿਉਂਕਿ ਸਾਡੇ ਕੋਲ ਲੋੜੀਂਦਾ ਪੈਸਾ ਨਹੀਂ ਹੁੰਦਾ। ਮੈਂ ਕੋਈ ਵੀ ਡਰਾਮਾ ਚੁਣਨ ਸਮੇਂ ਮੈਂ ਇਹਨਾਂ ਪੱਖਾਂ ਨੂੰ ਸਾਹਮਣੇ ਰੱਖਦਾ ਹਾਂ। ਮੈਂ ਇਸ ਬਾਰੇ ਸਦਾ ਹੀ ਸੁਚੇਤ ਹੁੰਦਾ ਹਾਂ ਕਿ ਲੇਖਕ ਇਸ ਨਾਟਕ ਵਿੱਚ ਕੀ ਕਹਿਣਾ ਚਾਹੁੰਦਾ ਹੈ। ਕੀ ਉਹ ਨਾਟਕ ਮੇਰੀ 'ਕੁਮਿਟਮੈਂਟ' — ਕਿ ਥੀਏਟਰ ਮਨੁੱਖੀ ਜ਼ਿੰਦਗੀ ਲਈ ਹੋਣਾ

ਜਾਂਦਾ ਹੈ, ਉਸ ਵਿੱਚ ਸਮੁੱਚਤਾ ਨਹੀਂ ਰਹਿੰਦੀ ਜ਼ਰੂਰਤ ਹੈ ਜਾਂਚੀ ਕਿ ਉਸ ਵਿੱਚ ਕੋਈ 'ਪ੍ਰੋਸੈਸ' ਚਲਦਾ ਹੈ ਕਿ ਨਹੀਂ - ਤੇ ਮੁਤਾਬਿਕ ਹੈ ਜਾਂ ਨਹੀਂ। ਸਦਾ ਹੀ ਨਾਟਕ ਦਾ ਵਿਸ਼ਾ ਮੇਰੇ ਲਈ ਪਹਿਲੀ ਗੱਲ ਹੈ ਦੂਜੀਆਂ ਗੱਲਾਂ ਬਾਅਦ ਵਿੱਚ ਆਉਂਦੀਆਂ ਹਨ।

? : ਕੀ ਤੁਸੀਂ ਜਾਂ ਪੰਜਾਬ ਦੇ ਹੋਰ ਨਾਟਕ ਗਰੁੱਪ ਥੀਏਟਰ ਵਿੱਚ ਵਰਤੀਆਂ ਤਕਨੀਕਾਂ ਅਪਣਾ ਰਹੇ ਹੋ ਜਾਂ ਰਵਾਇਤੀ ਤਕਨੀਕਾਂ ਤੇ ਹੀ ਟਿਕਿਆ ਜਾ ਰਿਹਾ ਹੈ?

ਚਰਨ : ਗੱਲ ਇਹ ਕਿ ਸਾਡੇ ਕੋਲ ਕੋਈ ਰਵਾਇਤੀ ਥੀਏਟਰੀ ਤਾਂ ਹੈ ਹੀ ਨਹੀਂ। ਸਾਡੇ ਕੋਲ ਕੁਝ ਕੁ ਤੁਰੀਆਂ ਸਨ। ਨਕਲਾਂ ਵਾਲੇ ਬਹੁਤ ਸਾਰੇ ਪਾਕਿਸਤਾਨ ਚਲੇ ਗਏ ਹਨ। ਨਕਲ ਸਟਾਇਲ ਨੂੰ ਸਟੱਡੀ ਕਰਕੇ ਅਸੀਂ ਲੋਕ ਥੀਏਟਰ ਉਸਾਰਨ ਕਰ ਸਕਦੇ ਹਾਂ। ਹੋ ਸਕਦਾ ਹੈ ਕੁੱਝ ਨਾ ਕੁੱਝ ਉਨ੍ਹਾਂ ਦਾ ਬਰਕਰਾਰ ਰੱਖਿਆ ਜਾ ਸਕੇ। ਬਾਕੀ ਜਿਸ ਤਰ੍ਹਾਂ ਲੋਕਾਂ ਦੀ ਬੌਧਿਕ ਪੱਧਰ ਵਿੱਚ ਫਰਕ ਪਿਆ ਹੈ ਜਾਂ ਪੈ ਗਿਆ ਹੈ, ਮੈਂ ਨਹੀਂ ਸਮਝਦਾ ਕਿ ਸਾਰੀ ਹੀ ਗੱਲ ਨਕਲਾਂ ਰਾਹੀਂ ਕਹੀ ਜਾਏ। ਸਾਨੂੰ ਪੱਛਮ ਦੀਆਂ ਤਕਨੀਕਾਂ ਅਪਨਾਉਣ ਵਿੱਚ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। ਪੰਜਾਬ ਵਿੱਚ ਕੋਈ ਵੀ ਰਵਾਇਤੀ ਥੀਏਟਰ ਨਹੀਂ। ਜਾਂ ਕਿ ਇਸ ਗੱਲ ਦੀ ਲੋੜ ਹੈ ਕਿ ਅਸੀਂ ਆਪਣੀ ਰਵਾਇਤ ਲੱਭੀਏ, ਜਿਵੇਂ ਗੁਜਰਾਤ ਵਾਲਿਆਂ ਦਾ 'ਭਵਈ' ਹੈ, ਮਹਾਂਰਾਸ਼ਟਰ ਵਾਲਿਆਂ ਦਾ 'ਤਮਾਸ਼ਾ' ਹੈ ਬੰਗਾਲ ਵਾਲਿਆਂ ਦੀ 'ਜਾਤਰਾ' ਹੈ, ਜਿਸ ਦਾ ਸਾਰੂ ਰੰਗ ਹੈ, [illegible] ਵਾਲਿਆਂ ਦਾ '[illegible]' ਹੈ। ਸਾਡੇ ਕੋਲ ਇਸ ਤਰ੍ਹਾਂ ਦੀ ਕੋਈ ਸ਼ੈ ਨਹੀਂ ਜੋ ਅਸੀਂ ਦੇ ਸਕੀਏ। ਇਹ ਗੱਲ ਤਾਂ ਰਵਾਇਤੀ ਥੀਏਟਰ ਬਾਰੇ ਹੈ।

ਦੂਸਰੀ ਗੱਲ ਜਿਹੜੀ ਹੈ ਉਹ ਇਹ ਹੈ ਕਿ ਜਿਹੜੀ ਵੀ ਟੈਕਨੀਕ ਭਾਂਵੇ ਉਹ ਪੱਛਮ ਦੀ ਹੈ, ਜਪਾਨ ਦੀ ਹੈ ਜਾਂ ਸਾਡੇ ਆਪਣੇ ਸੰਸਕ੍ਰਿਤ ਨਾਟਕ ਵਾਲੀ ਹੈ ਜਾਂ ਕਿਸੇ ਹੋਰ ਦੀ ਹੈ, ਜੇ ਉਹ ਸਾਡੇ ਨਾਟਕਾਂ ਦੇ ਅਨੁਕੂਲ ਹੈ ਅਤੇ ਜਿਸ ਰਾਹੀਂ ਨਾਟਕ ਵਧੀਆ ਢੰਗ ਨਾਲ ਪੇਸ਼ ਕੀਤਾ ਜਾ ਸਕਦਾ ਹੈ। ਉਹ ਵਰਤ ਲੈਣੀ ਚਾਹੀਦੀ ਹੈ। ਪੰਜਾਬੀ ਥੀਏਟਰ ਪੱਛਮੀ ਪ੍ਰਭਾਵ ਹੇਠਾਂ ਹੀ ਸ਼ੁਰੂ ਹੋਇਆ ਹੈ ਜਿਵੇਂ ਕਿ ਨੋਰਾ ਰਿਚਰਡ ਨੇ, ਜਿਹੜੀ ਇੱਕ ਪੱਛਮੀ ਔਰਤ ਸੀ ਅਤੇ ਉਸ ਪੱਛਮੀ ਢੰਗ ਨਾਲ ਪੰਜਾਬੀ ਥੀਏਟਰ ਸ਼ੁਰੂ ਕੀਤਾ। ਪੰਜਾਬ ਵਿੱਚ ਕੋਈ ਸਾਡਾ ਆਪਣਾ ਰਵਾਇਤੀ ਥਿਏਟਰ ਨਾ ਹੋਣ ਕਰਕੇ ਸਾਨੂੰ ਚਾਹੀਦਾ ਹੈ ਕਿ ਜਿਹੜੀ ਵੀ ਤਕਨੀਕ ਵਰਤਕੇ ਗੱਲ ਲੋਕਾਂ ਤੱਕ ਵਧੀਆ ਢੰਗ ਨਾਲ ਪਹੁੰਚਾਈ ਜਾ ਸਕਦੀ ਹੋਵੇ ਉਹ ਵਰਤ ਲੈਣੀ ਚਾਹੀਦੀ ਹੈ। ਮੈਂ ਇਸ ਦੇ ਹੱਕ ਵਿੱਚ ਹਾਂ।

? : ਇਸ ਸਮੇਂ ਪੰਜਾਬੀ ਥੀਏਟਰ ਤੁਹਾਡੇ ਖਿਆਲ ਮੁਤਾਬਿਕ ਹਿੰਦੁਸਤਾਨ ਦੀਆਂ ਬਾਕੀ ਜ਼ਬਾਨਾਂ ਅਤੇ ਸੰਸਾਰ ਦੀਆਂ ਦੂਜੀਆਂ ਜ਼ਬਾਨਾਂ ਦੇ ਮੁਕਾਬਲੇ ਤੇ ਕਿਥੇ ਖੜ੍ਹਾ ਹੈ?

ਚਰਨ : ਮੈਂ ਦੂਜੀਆਂ ਵਿੱਚ ਕੋਈ ਬਹੁਤਾ ਥੀਏਟਰ ਨਹੀਂ ਦੇਖਿਆ। ਪੜ੍ਹਿਆ ਹੈ। ਜਾਂ ਦੂਜੀਆਂ ਦਾ ਥੀਏਟਰ ਜਿੰਨਾਂ ਕੁ ਦਿੱਲੀ ਆਉਂਦਾ ਰਹਿੰਦਾ ਹੈ ਜਿਵੇਂ '[illegible]' ਆਈ ਸੀ ਜਾਂ ਕੁਝ ਦੂਜਿਆਂ ਤੋਂ ਆਈ ਸੀ। ਇੰਗਲੈਂਡ ਤੋਂ ਵੀ ਆਉਂਦੇ ਰਹੇ ਹਨ। ਜਿਥੋਂ ਤੱਕ ਵੇਖਦੇ ਹਾਂ ਉਨ੍ਹਾਂ ਦੇ ਸ ਤਕਨੀਕ ਤੇ ਪੈਸਾ ਖ਼ਰਚ ਕਰਕੇ 'ਪ੍ਰੋਡਕਸ਼ਨ' ਖ਼ਰਚ ਕਰਕੇ ਉਨ੍ਹਾਂ ਲੋਕਾਂ ਦੀ ਮਿਹਨਤ ਬਹੁਤ ਜ਼ਿਆਦਾ ਕੀਤੀ ਹੋਈ ਹੁੰਦੀ ਹੈ। ਬਾਕੀ ਅਜਿਹੀ ਕੋਈ ਗੱਲ ਨਹੀਂ ਕਿ ਅਸੀਂ ਉਨ੍ਹਾਂ ਦੇ ਮੁਕਾਬਲੇ ਦਾ ਥੀਏਟਰ ਨਹੀਂ ਪੇਸ਼ ਕਰ ਸਕਦੇ।

ਦੂਜੀ ਗੱਲ ਇਹ ਹੈ ਕਿ ਇਕੱਲਾ ਥੀਏਟਰ ਆਪਣੇ ਆਪ ਕੁਝ ਨਹੀਂ ਕਰ ਸਕਦਾ। ਮੈਂ ਇਹ ਮਹਿਸੂਸ ਕਰਦਾ ਹਾਂ ਕਿ ਸਾਡੇ ਕੋਲ ਨਾਟਕਕਾਰ ਪ੍ਰੋਡਿਊਸਰ ਨਹੀਂ ਹਨ। ਇਹ ਗੱਲ ਮੈਂ ਪਹਿਲਾਂ ਵੀ ਬਹੁਤ ਵਾਰੀ ਕਹੀ ਹੈ, ਅਤੇ ਅੱਜ ਫੇਰ ਤੁਹਾਡੇ ਨਾਲ ਸਾਂਝੀ ਕਰਦਾ ਹਾਂ। ਥੀਏਟਰ ਤਾਂ ਇੱਕ ਮਾਧਿਅਮ ਹੈ, ਇਸ ਰਾਹੀਂ ਨਾਟਕ ਜਿਹੋ ਜਿਹਾ ਹੋਵੇਗਾ ਉਸ ਤਰ੍ਹਾਂ ਦਾ ਹੀ ਦਿਸੇਗਾ। ਠੀਕ ਹੈ ਕਲਾਤਮਕ ਗਲਤੀਆਂ ਬਾਵਜੂਦ ਨਾਟਕ ਦਾ ਅਸਲੀ ਸਨੇਹਾ ਲੋਕਾਂ ਤੱਕ ਪਹੁੰਚਣ ਵਿੱਚ ਫ਼ਰਕ ਪੈ ਸਕਦਾ ਹੈ। ਮੈਂ ਸਮਝਦਾ ਹਾਂ ਹਿੰਦੁਸਤਾਨ ਦੀਆਂ ਬਾਕੀ ਜ਼ੁਬਾਨਾਂ ਦੇ ਮੁਕਾਬਲੇ ਸਾਡੇ ਕੋਲ ਵਧੀਆ ਨਾਟਕ ਨਹੀਂ ਹਨ। ਮੇਰੇ ਖਿਆਲ ਵਿੱਚ ਤਾਂ ਦੋ ਕੁ ਨਾਟਕਕਾਰਾਂ ਨੇ ਹੀ ਗੰਭੀਰ ਕੋਸ਼ਿਸ਼ ਕੀਤੀ ਹੈ। ਪਹਿਲਾ ਸੰਤ ਸਿੰਘ ਸੇਖੋਂ ਹੈ (ਜਿਸਨੂੰ ਖੇਡਿਆ ਹੀ ਨਹੀਂ ਗਿਆ) ਜਿਸਨੂੰ ਪਤਾ ਹੈ ਕਿ ਕੀ ਗੱਲ ਕਹਿਣੀ ਹੈ। ਕਰਾਫਟ ਦੀ ਗੱਲ ਤਾਂ ਅਸੀਂ ਕਰ ਸਕਦੇ ਹਾਂ ਪਰ ਪਹਿਲਾਂ ਨਾਟਕ ਵਧੀਆ ਹੋਣਾ ਚਾਹੀਦਾ ਹੈ। ਦੂਸਰਾ ਹਰਸਰਨ ਸਿੰਘ ਹੈ ਜਿਸਨੇ ਕਾਫੀ ਖ਼ੂਬਸੂਰਤ ਯਤਨ ਕੀਤੇ ਹਨ। ਆਪਣੇ ਨਵੇਂ ਨਾਟਕਾਂ ਜਿਵੇਂ 'ਨਿਜ਼ਾਮ ਸੱਕਾ' ਉਸਨੇ ਕਰਾਫ਼ਟ ਅੰਦਰ ਵੀ ਜਤਨ ਕੀਤੇ ਹਨ। ਸੇਠੀ ਹੁਰੀਂ ਵੀ ਕੋਸ਼ਿਸ਼ ਕਰਦੇ ਰਹਿੰਦੇ ਹਨ ਪਰ ਉਹ ਇਸ ਪੱਖੋਂ ਉਲਝ ਜਾਂਦੇ ਹਨ। ਉਨ੍ਹਾਂ ਆਪਣੇ ਨਾਟਕ ਅੰਗਰੇਜ਼ੀ ਵਿੱਚ ਵੀ ਛਪਵਾਏ ਹਨ। ਅਤੇ ਹੁਣ ਹਿੰਦੀ ਵਿੱਚ ਵੀ। ਹਿੰਦੀ ਅੰਗਰੇਜ਼ੀ ਵਿੱਚ ਛਪਵਾਉਣ ਨਾਲ ਅਸੀਂ ਕੌਮਾਂਤਰੀ ਪੱਧਰ ਤੇ ਨਹੀਂ ਆ ਸਕਦੇ। ਜਿੰਨਾ ਚਿਰ ਅਸੀਂ ਚੇਤੰਨ ਤੌਰ ਤੇ ਇਸ ਲਈ ਕੋਸ਼ਿਸ਼ ਨਹੀਂ ਕਰਦੇ। ਸਾਡੇ ਨਾਟਕਕਾਰਾਂ ਨੂੰ ਕੌਮਾਂਤਰੀ ਪੱਧਰ ਤੇ ਆਉਣ ਦੀ ਲੋੜ ਹੈ। ਸਾਡਾ ਥੀਏਟਰ ਦੂਜੀਆਂ ਜ਼ਬਾਨਾਂ ਜਿੰਨਾਂ ਹੀ ਵਿਕਸਤ ਹੈ, ਪਰ ਇਸ ਪੱਖੋਂ ਸਾਡੇ ਕੋਲ ਚੰਗੇ ਨਾਟਕ ਨਾ ਹੋਣ ਕਾਰਨ ਅਸੀਂ ਦੂਜੀਆਂ ਜ਼ਬਾਨਾਂ ਦੇ ਮੁਕਾਬਲੇ ਤੇ ਨਹੀਂ ਆ ਸਕਦੇ।

? : ਤੁਹਾਡੇ ਖਿਆਲ ਵਿੱਚ ਪੰਜਾਬੀ ਥਿਏਟਰ ਦਾ ਭਵਿੱਖ ਕਿਹੋ ਜਿਹਾ ਹੈ?

ਚਰਨ : ਮੈਂ ਤਾਂ ਸਮਝਦਾ ਹਾਂ ਕਿ ਜਿਸ ਤਰ੍ਹਾਂ ਕਈ ਲੋਕ ਕਰਕੇ ਸਾਡੇ ਲੋਕ ਥੀਏਟਰ ਵਿੱਚ ਲੱਗੇ ਹੋਏ ਹਨ। ਬੜਾ ਰੌਸ਼ਨ ਭਵਿੱਖ ਹੈ। ਹਾਲਾਂਕਿ ਇਦਾਰਾ ਹਾਲੀਂ ਪੂਰੀ ਲਗਨ ਨਾਲ ਕੰਮ ਕਰ ਰਹੇ ਹਨ।

ਗੁਰਸ਼ਰਨ ਸਿੰਘ ਹੋਰਾਂ ਬਾਰੇ ਉਨ੍ਹਾਂ ਦੀ ਜਿਸ ਤਰ੍ਹਾਂ ਦੀ ਪ੍ਰਤੀਬੱਧਤਾ ਕਮਿੱਟਮੈਂਟ ਹੈ ਉਸਦਾ ਥੀਏ-ਟਰ ਦਾ ਸਾਥ ਨਹੀਂ ਛੱਡਿਆ। ਅਸੀਂ ਵੀ ਮੈਂ ਅਤੇ ਮੇਰੀ ਪਤਨੀ ਪ੍ਰੀਤ ਸ਼ਰਨ ਨਾਲ ਤੁਰੇ ਹਾਂ। ਆਸ ਹੈ ਇਸ ਤਰ੍ਹਾਂ ਹੋਰ ਵੀ ਲੋਕ ਨਿਕਲਣਗੇ। ਲੋਕਾਂ ਦੀ ਇਸ ਵਲੀ ਲੋੜ ਹੈ, ਕਿਉਂਕਿ ਪੰਜਾਬੀ ਥੀਏਟਰ ਨੂੰ ਲਗਾਤਾਰ ਕੰਮ ਕਰਨ ਵਾਲੀ ਇਸਤਰੀ ਨਹੀਂ ਮਿਲ ਸਕਦੀ, ਜਿਸ ਤਰ੍ਹਾਂ ਇੱਕ ਬੀਬੀ ਸਾਥ ਦਿੱਤਾ ਸਕਦੀ ਹੈ। ਕਿਉਂਕਿ ਸਮਾਜਿਕ ਤੌਰ ਤੇ ਅਸੀਂ ਅਜੇ ਏਨੇ ਪਛੜੇ ਹੋਏ ਹਾਂ ਕਿ ਇਕ ਔਰਤ ਨੂੰ ਲਗਾਤਾਰ ਥਿਏਟਰ ਕੰਮ ਕਰਨ ਦੀ ਖੁਲ੍ਹ ਨਹੀਂ ਦੇ ਸਕਦੇ। ਬੀਬੀ ਦੇ ਰੂਪ ਵਿਚ ਉਹ ਮੁਸ਼ਕਿਲਾਂ ਹੋਰ ਵੀ ਸਾਹਮਣੇ ਆਉਂਦੀਆਂ ਹਨ। ਜਿਹੜੀਆਂ ਵਿੱਚ ਔਰਤ ਨੂੰ ਥੀਏ-ਟਰ ਵਿੱਚ ਕੰਮ ਕਰਨ ਸਾਹਮਣੇ ਆਉਂਦੀਆਂ ਹਨ। 'ਨੈਸ਼ਨਲ ਸਕੂਲ ਆਫ਼ ਡਰਾਮਾ", 'ਇੰਡੀਅਨ ਥੀਏਟਰ ਵਿਭਾਗ" ਪੰਜਾਬ ਯੂਨੀਵਰਸਿਟੀ ਦਾ, ਪੰਜਾਬੀ ਯੂਨੀਵਰਸਿਟੀ ਦਾ 'ਡਰਾਮਾ ਅਤੇ ਥੀਏ-ਟਰ ਵਿਭਾਗ" ਜਿਥੋਂ ਦੀ ਸਟੂਡੈਂਟ ਨਿਕਲ ਰਹੇ ਹਨ ਇਹਨਾਂ ਸਾ-ਰੀਆਂ ਗੱਲਾਂ ਤੋਂ ਪਤਾ ਲਗਦਾ ਹੈ ਕਿ ਪੰਜਾਬੀ ਥੀਏਟਰ ਵਿਚ ਹੋਰ ਤੇਜ਼ੀ ਆਏਗੀ। ਮੈਂ ਆਪਣੇ ਤਜਰਬੇ ਤੋਂ ਕਹਿੰਦਾ ਹਾਂ ਕਿ ਪੰਜਾਬ ਸਰਕਾਰ ਪ੍ਰੋਫੈਸ਼ਨਲ ਰੈਗੂਲਰ ਥੀਏਟਰ ਉਪਰ, ਸ-ਆਰ ਕਰ ਦੇਵੇ ਅਤੇ ਵਪਾਰਕ ਤੌਰ ਤੇ ਸਰਕਾਰੀ ਦੇ ਤੌਰ ਤੇ ਸਾਰੇ ਗਰੁੱਪਾਂ ਨੂੰ ਸਹਾਇ-ਤਾ ਦੇਵੇ ਤਾਂ ਅਸੀਂ ਬਹੁਤ ਛੇਤੀ ਸਮੇਂ ਵਿੱਚ ਪ੍ਰੋਫੈਸ਼ਨਲ ਥੀਏਟਰ ਉਸਾਰ ਸਕਦੇ ਹਾਂ। ਐਸੀ ਪ੍ਰੋਫੈਸ਼ਨਲ ਥੀਏਟਰ ਤਾਂ ਅਸੀਂ ਹੁਣ ਵੀ ਕਰ ਰਹੇ ਹਾਂ। ਹੁਣ ਵੀ ਅਸੀਂ ਆਪਣਾ ਬਹੁਤਾ ਖਰਚ, ਏਥੋਂ ਤੱਕ ਕਿ ਸਾਰੇ ਜੀਵਨ ਦਾ ਖਰਚਾ ਵੀ ਥੀਏਟਰ ਵਿਚੋਂ ਕੱਢ ਰਹੇ ਹਾਂ। ਮੈਂ ਇਹ ਸਮਝਦਾ ਹਾਂ ਕਿ ਪੰਜਾਬੀ ਥੀਏਟਰ ਦਾ ਭਵਿੱਖ ਕਾਫੀ ਰੌਸ਼ਨ ਹੈ। ਬਹੁਤ ਜਲਦੀ ਹੀ ਇਹਦਾ ਜ਼ਿਕਰ ਦੁਨੀਆਂ ਭਾਸ਼ਾਵਾਂ ਦੇ ਮੁਕਾਬਲੇ ਤੇ ਹੋਏਗਾ। ○ ○

---

ਸਫਾ 32 ਦੀ ਬਾਕੀ

ਲੋਕਾਂ ਦੀ ਭੀੜ ਚੋਂ ਖਿਸਕ ਸਰਦਾਰ ਸੁਖਦੇਵ ਸਿੰਘ ਨੂੰ ਉਹਦੇ ਮੁੰਡੇ ਅਤੇ ਪਿੰਡ ਦੇ ਮਾਸਟਰ ਨੂੰ ਪਛਾਣ ਲਿਆ। ਮਾਸਟਰ ਨੇ ਰਣਜੀਤ ਦਾ ਮੋਢਾ ਹਿਲਾਉਂਦਿਆਂ ਕਿਹਾ "ਹੋਰ ਤਾਂ ਗੱਲਾਂ ਈਆਂ ਗੱਲਾਂ ਨੇ। ਤੇਰੇ ਬਾਪੂ ਦੀ ਹਜਾਮਤ ਬਹੁਤ ਸੋਹਣੀ ਆ।"

ਰਣਜੀਤ ਵਿਚਾਰੇ ਨੇ ਰੋਣਾ ਰੋਂਦਿਆਂ ਉੱਤਰ ਦਿੱਤਾ।

"ਮਾਸਟਰ ਜੀ! ਇਹ ਹਜਾਮਤ ਨੀਂ ਹਜਾਰ ਚ ਹੋਈਆ।" ਨਾਲ ਹੀ ਧਾਹਾਂ ਮਾਰ ਕੇ ਰੋਂਦਾ ਰੋਂਦਾ ਇਉਂ ਆਪਣੇ ਦੇ ਨਾਲ ਜਾ ਚਿਮੜਿਆ। ○ ○

---

## ਸੱਪ

ਸਰਵਣ ਸਿੰਘ 'ਅਮੋਲਕ'

ਥਾਂ ਥਾਂ ਲੋਕ ਸਤਾਉਂਦੇ ਰਹਿੰਦੇ, ਜਾਈਏ ਜਿਧਰ ਜਿਧਰ ਸੱਪ।
ਹਰ ਦਮ ਕਿਸੇ ਦੇ ਡੰਗ ਮਾਰਨ ਲਈ, ਫਿਰਦੇ ਸ਼ੂਕ ਸ਼ੂਕ ਸਾਰੇ ਸੱਪ।
ਇਨ੍ਹਾਂ ਦੀਆਂ ਬੇਅੰਤ ਨੇ ਜ਼ਾਤਾਂ, ਆਪਾਂ ਗਿਣੇ ਨੇ ਕੀ ਕੇਹਾ,
ਸੰਖਚੂੜ, ਫ਼ਨ-ਸਾਗਰ, ਦਰੀਆਰ, ਸ਼ੇਸ਼ਨਾਗ ਤੇ ਉੱਡ ਜਾਂਦੇ ਸੱਪ।
ਜਿੱਤ ਕਦੇ ਇਕ ਦੂਜੇ ਵਰਗੇ, ਸਾਡੀ ਫਸਲਾਂ ਖਾਂਦੇ ਨੇ,
ਬੀਜ ਇਕ ਤੇ ਥਾਂ ਅਨੇਕ, ਤੁਰਦੇ ਫਿਰਦੇ ਧਾਰੇ ਸੱਪ।
ਸੂਰਜ ਤਾਂ ਕਦੀ ਦਿੱਸਿਆ ਧਾਰੀ, ਆਪਣੀ ਦੇਹ ਦੀ ਧਰਤ ਲੈਂਦੇ
ਸ਼ਹੀ ਅਤੇ ਨਿਰਕਾਰ ਤਾਂ, ਉਹ ਸਦੋਂ ਪੁਕਾਰੇ ਸੱਪ।
ਇੱਕ ਇੱਕ ਰਾਹ ਸਭਨਾਂ ਦਾ, ਕਿ ਹਰ ਨੇਕੀ ਦੇ ਸ਼ਰੀਕ,
ਘਰਦੇ ਸਾਰਿਆਂ ਵਿਚੋਂ ਆਪੇ, ਸਹਿਗੀ ਤੇਰੂ ਪਾਣੇ ਸੱਪ।
ਇਹਨਾਂ ਨੇ ਸਭ ਸੂਹਾਂ ਲੈਣੀਆਂ, ਰਲ ਫੈਲਾਈ ਇਹਨਾਂ ਨੇ,
ਕੰਮ-ਧੰਦੇ, ਘੌਲ-ਫਿਰਦੇ, ਚੋਰੀ ਅਤੇ ਸਲੂਣੇ ਸੱਪ।
ਘਰ ਘਰ ਦੇ ਵਿੱਚ ਪਾਏ ਜਿਹਨਾਂ, ਇਨ੍ਹਾਂ ਦੀਆਂ ਕਰਤੂਤਾਂ ਨੇ,
ਧਨ ਤੇ ਧਰਨੇ ਸਾਰੀ ਥੈਲੇ, ਥਾਂ ਥਾਂ ਤੇ ਘਰ ਸਾਰੇ ਸੱਪ।
ਲੋਕਾਂ ਦੇ ਸਾਰੇ ਸਾਰੇ ਸਾਂਦਰੀ, ਇਹਨਾਂ ਨਾਲ ਰਲ ਗਏ ਨੇ,
ਸ਼ਹਿਰ ਸ਼ੋਰ ਤੇ ਠੀਕ ਠੋਕ ਵਿੱਚ ਮਿਲਕੇ ਬਣੇ ਨਿਆਰੇ ਸੱਪ।
ਆਦਮ ਨੂੰ ਸੰਗਤ 'ਚੋਂ ਬਾਹਰ, ਇਹਨਾਂ ਕਰ ਕੇ ਦਮ ਲੀਤਾ,
ਲੋਕਾਂ ਸਭ ਦੇ ਜਾਂਦੇ ਦੁੱਧ ਪਿਆਏ, ਪਾਲਦੇ ਨਹੀਂ ਸਤਾਏ ਸੱਪ।
ਟੈਣ ਕਰਨ ਲਈ ਇਹਨਾਂ ਦੀ ਜ਼ਿੰਦਗੀ, ਡੰਗ ਜਿਸ ਦੀਨ ਕਮਾਉਣਾ ਪਊ
ਦਾਅ ਦੇ ਥੱਲੇ ਆ ਜਾਣ ਫੇਰੀ, ਏਨੇ ਨਹੀਂ ਨਿਆਰੇ ਸੱਪ।
ਇੱਕ ਦੂਜੇ ਖੁੱਡ ਬਣਾ ਲਿਖ ਕੇ, ਤਾਰਤ ਦਸਾਏ ਆਪਣੇ ਨੇ,
ਦੱਸਣ ਬਾਹਮਣ ਵਾਦ, ਨਾਦੂਕ, ਲੋਕ, ਵਿੱਲੀ, ਸੁਧਿਆਏ ਸੱਪ।
ਕਾਲੇ ਚੋਲੀਆਂ ਵਾਲੇ ਬੱਚੇ, ਭਾਰਤ ਰੋਕਦੇ ਡੰਗ ਕਰਦੇ
ਇੱਕ ਇਕ ਦੇਸ਼ ਜੈਸਾ ਤੁਸੀਂ ਅੱਖੀਂ, ਲੋਕਾਂ ਆਰ ਪੁਕਾਰੇ ਸੱਪ।
ਆਈ. ਐਸ. ਏ. ਦੇ ਏਜੰਟਾਂ ਪਾਸੋਂ, ਕਈ ਟ੍ਰੇਨਿੰਗ ਲੈ ਰਹੀ,
ਦਰਤ 'ਅਮੋਲਕ' ਆ ਜਿਸਾ ਲੋਕਾਂ, ਗੋਲੀਆਂ ਨਾਲ ਉਡਾਏ ਸੱਪ।

# FOR YOUR INSURANCE NEEDS:

## SUCH AS —



- AUTO INSURANCE
- BUSINESS
- COMMERCIAL
- HOME OWNERS
- TRAVEL INSURANCE

*BALDEV SANGRA*
PH. 321 - 6557
*(604) 687-7711*
PAGER: 7646

**Autoplan**

ਹਰ ਪਕਾਰ ਦੇ ਬੀਮੇ ਜਿਵੇਂ ਕਾਰ,ਟ੍ਰੱਕ,
ਮਕਾਨ ਅਤੇ ਕੌਂਪਰ ਆਦਿ ਲਈ ਸ਼ਾਡੀਆਂ
ਸੇਵਾਵਾਂ ਹਾਜ਼ਰ ਹਨ।

BENNET — SANGHRA
INSURANCE AGENCY LTD.
6553 VICTORIA DR. VAN. B.C.

# ਅਮਬੀਕਾ ਫੂਡਜ਼

ਵਧੀਆ ਤੇ ਸਸਤੀ ਗਰੌਸਰੀ ਲੈਣ ਲਈ
ਸਾਡੇ ਸਟੋਰ ਵਿਚ ਦਰਸ਼ਨ ਦਿਓ।

**Largest of it's kind in North America**

ਦੂਸਰਿਆ ਦੀ ਸੇਲ ਪ੍ਰਾਈਸ
ਸਾਡੀ ਰੈਗੂਲਰ ਪ੍ਰਾਈਸ ਹੁੰਦੀ ਹੈ।

**British Columbia's Finest Indian Grocery Store**

## 327-0295

5125 VICTORIA
DRIVE VANCOUVER

**If you are looking for**
- **Quality [redacted]**
- **Quality [redacted]**
- **Price**
- **After sale service when buying your car contact**

**KELLY SINGH NAGI**

ਕਿਸੇ ਪ੍ਰਕਾਰ ਦੀ ਕਾਰ ਖ਼ਰੀਦਣੀ
ਜਾਂ ਟਰੇਡ ਕਰਨੀ ਹੋਵੇ ਤਾਂ
ਖ਼ਰੀਦਣ ਤੋਂ ਪਹਿਲਾਂ
ਕੈਲੀ ਸਿੰਘ ਨਾਗੀ
ਨੂੰ ਮਿਲੋ ਜਾਂ ਫੋਨ ਕਰੋ।



Office
**521-7731**
RES. 526-6959

# WESTMINSTER CHEVROLET-OLDSMOBILE

12 th Ave. at Queens Ave
New West Minster

***PAUL'S PLUMBING & ELECTRICAL SUPPLY***

PLUMBING & BATHROOM
FIXTURES & SUPPLIES
HOT WATER TANKS
HOT WATER HEATING & SUPPLIES





ਖ਼ੁਸ਼ਖ਼ਬਰੀ। ਤੁਹਾਡੀ ਜ਼ਰੂਰਤ ਲਈ
ਪਲੰਬਿੰਗ, ਹੀਟਿੰਗ ਤੇ ਬਿਜਲੀ ਦੇ ਸਮਾਨ
ਦਾ ਸਟੋਰ ਆਪਣੇ ਭਾਈ ਓਮ ਪਾਲ
ਵਲੋਂ 32 ਐਵੀਨਿਊ ਲਾਗੇ 4774 ਮੇਨ
ਸਟਰੀਟ ਤੇ ਸੱਤੇ ਦਿਨ ਖੁੱਲਾ ਰਹਿੰਦਾ ਹੈ।

ਸਾਡੇ ਕੋਲ ਆਓ, ਪੰਜਾਬੀ 'ਚ ਗੱਲ
ਬਾਤ ਕਰੋ। ਹੋਰ ਜਾਣਕਾਰੀ ਪ੍ਰਾਪਤ ਕਰਨ
ਲਈ ਫੋਨ ਕਰੋ।

**872 3118**

**English - Punjab - Hindi Spoken**
**4774 Main St (at 32nd)**
**Vancouver ☎ 872-3118**
**Open Sunday — Parking at rear.**

# ਆਧੁਨਿਕ ਜਾਪਾਨੀ ਹਾਇਕੂ

— ਸੁਖਿੰਦਰ

ਹਾਇਕੂ, ਜਾਪਾਨੀ ਕਵਿਤਾ ਵਿਚ ਇਕ ਲੋਕ-ਪ੍ਰਿਯ ਕਾਵਿ-ਰੂਪ ਹੈ। ਜਾਪਾਨੀ ਹਾਇਕੂ ਦਾ ਇਤਿਹਾਸ ਜਪਾਨੀ ਸਭਿਆਚਾਰ ਦਾ ਹੀ ਇਕ ਪ੍ਰਤੀਬਿੰਬ ਹੈ। ਜਪਾਨੀ ਕਵਿਤਾ ਵਿਚ ਹਾਇਕੂ ਲਿਖਣ ਦਾ ਰਿਵਾਜ ਆਧੁਨਿਕ ਕਾਲ ਤੋਂ ਪਹਿਲਾਂ ਹੀ ਆਪਣੇ ਸਿਖਰ ਤੇ ਸੀ। । ਆਧੁਨਿਕ ਕਾਲ ਵਿਚ ਕੁੱਝ ਕਵੀਆਂ ਨੇ ਹਾਇਕੂ ਨੂੰ ਕਵਿਤਾ ਦਾ ਵਧੇਰੇ ਯੋਗ ਕਾਵਿ-ਰੂਪ ਮੰਨਣ ਤੋਂ ਕੁੱਝ ਸੰਕੋਚ ਦਿਖਾਇਆ। ਪਰ ਫਿਰ ਵੀ ਅਨੇਕਾਂ ਪ੍ਰਤਿਭਾ-ਸ਼ਾਲੀ ਕਵੀਆਂ ਨੇ ਹਾਇਕੂ ਦੀ ਰਚਨਾ ਕੀਤੀ ਹੈ। ਹਾਇਕੂ ਲਿਖਣ ਵਾਲਿਆਂ ਵਿਚ ਮਾਸਾਓਕਾ ਸ਼ੀਕੀ, ਈਆਦਾ ਦਾਕੋਤਸੂ, ਟਾਕਾਹਾਮਾ ਕਾਇਓਸ਼ੀ, ਮੀਜ਼ੁਹਾਰਾ ਸ਼ੁਓਸ਼ੀ ਦੇ ਨਾਂ ਖਾਸ ਪ੍ਰਸਿੱਧ ਹਨ।

ਹਾਇਕੂ ਵਿਚ ਸਿਰਫ ਤਿੰਨ ਹੀ ਸਤਰਾਂ ਹੁੰਦੀਆਂ ਹਨ। ਤਿੰਨ ਸਤਰਾਂ ਵਿਚ ਕਿਸੇ ਪ੍ਰਤੀਕ, ਬਿੰਬ ਜਾਂ ਚਿੱਤਰ ਨੂੰ ਇਕ ਅਸਚਰਜਤਾ ਅਤੇ ਖੂਬਸੂਰਤੀ ਨਾਲ ਇਕ ਵਿਸ਼ੇਸ਼ ਢੰਗ ਬਿਆਨ ਕੀਤਾ ਜਾਂਦਾ ਹੈ। ਹਾਇਕੂ ਵਿਚ ਵਿਰੋਧਾਭਾਸ ਦੇ ਸਿਧਾਂਤ ਅਨੁਸਾਰ ਦੋ ਵਿਰੋਧੀ ਚਿੱਤਰ ਪੇਸ਼ ਕੀਤੇ ਜਾਂਦੇ ਹਨ, ਜੋ ਆਪਸ ਵਿਚ ਇਕ ਦੂਜੇ ਤੋਂ ਬਿਲਕੁਲ ਭਿੰਨ ਹੁੰਦੇ ਹਨ। ਪਰ ਇਨ੍ਹਾਂ ਦੋਨਾਂ ਚਿੱਤਰਾਂ ਦੇ ਇੱਕਠੇ ਵਿਚਰਨ ਨਾਲ ਇਕ ਅਜੀਬ ਸ਼ਕਤੀ ਅਤੇ ਜ਼ਰਕੀ ਪੈਦਾ ਹੁੰਦੀ ਹੈ। ਇਸ ਦਾ ਸਬੰਧ ਇਨ੍ਹਾਂ ਚਿੱਤਰਾਂ ਤੋਂ ਹੀ ਕਿਸੇ ਬਾਹਰਲੀ ਦੁਨੀਆਂ ਨਾਲ ਹੁੰਦਾ ਹੈ। ਹਾਇਕੂ ਦਾ ਇਕ ਹੋਰ ਮਹੱਤਵਪੂਰਨ ਲੱਛਣ ਇਹ ਹੈ ਕਿ ਇਸ ਦੀਆਂ ਤਿੰਨ ਸਤਰਾਂ ਦੋ ਨਾ ਬਰਾਬਰ ਹਿੱਸਿਆਂ ਵਿਚ ਵੰਡੀਆਂ ਹੁੰਦੀਆਂ ਹਨ। ਪਹਿਲੀ ਜਾਂ ਦੂਜੀ ਸਤਰ ਦੇ ਅਖੀਰ ਵਿਚ ਠਹਿਰਾਓ ਹੁੰਦਾ ਹੈ। ਇਹ ਠਹਿਰਾਓ ਜੋ ਕੁੱਝ ਪਹਿਲੀਆਂ ਸਤਰਾਂ ਵਿਚ ਕਿਹਾ ਗਿਆ ਹੈ। ਉਸ ਨੂੰ ਆਖਰੀ (ਦੂਜੇ ਹਿੱਸੇ) ਹਿੱਸੇ ਵਿਚ ਕਹੀ ਗੱਲ ਨਾਲ ਟਕਰਾਉਂਦਾ ਹੈ। ਇਸ ਸਾਰੀ ਪ੍ਰਕ੍ਰਿਆ ਦੇ ਫਲਸਰੂਪ ਪਾਠਕ ਨੂੰ ਜ਼ਿੰਦਗੀ ਦੇ ਇਕ ਨਵੇਂ ਸੱਚ ਦਾ ਅਹਿਸਾਸ ਹੁੰਦਾ ਹੈ।

ਹਾਇਕੂ ਵਿਚ ਆਮ ਬੋਲ ਚਾਲ ਦੀ ਬੋਲੀ ਵਰਤੀ ਜਾਂਦੀ ਹੈ। ਇਸ ਵਿਚ ਸਧਾਰਨ ਚੀਜ਼ਾਂ ਅਤੇ ਜ਼ਿੰਦਗੀ ਦੀਆਂ ਸਾਧਾਰਣ ਘਟਨਾਵਾਂ ਨੂੰ ਹੀ ਵਿਸ਼ਾ ਬਣਾਇਆ ਜਾਂਦਾ ਹੈ। ਇਹ ਕਿਹਾ ਜਾਂਦਾ ਹੈ ਕਿ ਇਕ ਹਾਇਕੂ ਲਿਖਣ ਵੇਲੇ ਕਵੀ ਵਸਤੂ ਦੇ ਅੰਦਰ ਪ੍ਰਵੇਸ਼ ਕਰ ਜਾਂਦਾ ਹੈ। ਇਸ ਤਰ੍ਹਾਂ ਕਵੀ ਇਸ ਵਸਤੂ ਦੀ ਜ਼ਿੰਦਗੀ ਵਸਤੂ ਦੇ ਅੰਦਰ ਵੜਕੇ ਮਹਿਸੂਸ ਕਰਦਾ ਹੈ। ਅਤੇ ਇਸ ਦੀਆਂ ਅੰਦਰਲੀਆਂ ਭਾਵਨਾਵਾਂ ਦਾ ਅਹਿਸਾਸ ਪ੍ਰਾਪਤ ਕਰਦਾ ਹੈ। ਕਵੀ ਖੁਦ ਇਕ ਫੁੱਲ, ਇਕ ਰੁੱਖ, ਇਕ ਪੰਛੀ ਬਣ ਜਾਂਦਾ ਹੈ। ਇਕ ਕਵੀ ਇਕ ਪਰਬਤ, ਇਕ ਝਰਨਾ ਜਾਂ ਇਕ ਨਦੀ ਵੀ ਬਣ ਸਕਦਾ ਹੈ। ਇਕ ਹਾਇਕੂ ਕਿਸੇ ਚੀਜ਼ ਦਾ ਬਿਆਨ ਨਹੀਂ ਹੁੰਦਾ। ਇਹ ਤਾਂ ਇਕ ਜਿਊਂਦਾ ਜਾਗਦਾ ਅਨੁਭਵ ਹੁੰਦਾ ਹੈ। ਹਾਇਕੂ ਵਿਚੋਂ ਅਨੁਭਵ ਅਤੇ ਕਵੀ ਨੂੰ ਵੱਖੋ ਵੱਖ ਨਹੀਂ ਕੀਤਾ ਜਾ ਸਕਦਾ।

ਹਾਇਕੂ ਵਿਚ ਵਿਸ਼ੇਸ਼ਣ, ਕ੍ਰਿਆ ਅਤੇ ਕ੍ਰਿਆ ਵਿਸ਼ੇਸ਼ਣ ਤੋਂ ਵੀ ਬਚਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਹਾਇਕੂ ਵਿਚ ਕੋਈ ਬਣਾਵਟ ਨਹੀਂ ਹੁੰਦੀ। ਹਾਇਕੂ ਵਿਚ ਤਰਕ ਤੋਂ ਬਚਣ ਲਈ ਹਰ ਸੰਭਵ ਯਤਨ ਕੀਤਾ ਜਾਂਦਾ ਹੈ। ਹਾਇਕੂ ਤਾਂ ਸਾਡੇ ਕੁਦਰਤ ਨਾਲ ਡੂੰਘੇ ਸਬੰਧ ਦਾ ਪ੍ਰਗਟਾ ਹੈ। ਹਾਇਕੂ ਜ਼ਿੰਦਗੀ ਦਾ ਇਕ ਜਸ਼ਨ ਹੈ। ਸਾਡੀ ਜ਼ਿੰਦਗੀ ਵਾਂਗ, ਹਾਇਕੂ ਵਿਚ ਖੁਸ਼ੀ ਅਤੇ ਗਮੀ ਨਾਲੋ ਨਾਲ ਤੁਰਦੇ ਹਨ। ਜ਼ਿੰਦਗੀ ਅਤੇ ਮੌਤ ਦੇ ਦਰਮਿਆਨ ਹੀ ਫੈਲਿਆ ਹੋਇਆ ਹੈ। ਹਾਇਕੂ ਦਾ ਸੰਸਾਰ। ਸ਼ਾਇਦ ਇਸੇ ਲਈ ਹਾਇਕੂ ਇਹ ਨਹੀਂ ਦੱਸਦਾ ਕਿ ਇਕ ਕਵੀ ਕਿਵੇਂ ਮਹਿਸੂਸ ਕਰਦਾ ਹੈ; ਕਵੀ ਤਾਂ ਉਥੇ ਹੁੰਦਾ ਹੀ ਨਹੀਂ: ਸਿਰਫ ਪਾਠਕ ਹੀ ਮਹਿਸੂਸ ਕਰਦਾ ਹੈ।

ਹਾਇਕੂ ਬਾਰੇ ਏਨੇ ਕੁ ਸ਼ਬਦਾਂ ਨਾਲ ਹੀ ਮੈਂ ਪੰਜਾਬੀ ਸਾਹਿਤ ਦੇ ਪਾਠਕਾਂ ਨੂੰ ਜਾਪਾਨੀ ਕਵਿਤਾ ਦੇ ਇਸ ਲੋਕ ਪ੍ਰਿਯ ਕਾਵਿ-ਰੂਪ ਦੇ ਸੰਸਾਰ ਵਿਚ ਦਾਖਲ ਹੋਣ ਦਾ ਨਿਮੰਤਰਣ ਦਿੰਦਾ ਹਾਂ:

## ਮਾਸਾਓਕਾ ਸ਼ੀਕੀ

1

ਮੇਰੀ ਜ਼ਿੰਦੀ ਤੈਅ
ਮੈਨੂੰ ਇੱਕ ਪ੍ਰਾਚੀਨ ਬੈਂਗੀ ਅਤਾਂ ਕਾਇਦਾਲੂ ਦੇ ਗੁਣਗਿੰਦੀ ਹੈ
ਇੱਕ ਅੰਤਹੀਣ ਰਾਤ

2.

ਕੱਪ ਦੇ ਵੇਰ ਬਾਦ ਚਾਅਦ,
ਜੰਗਲ ਇੱਕ ਖਾਮੋਸ਼ ਹੈ।
ਇੱਕ ਮਟੈਰ ਫੂਲ।

3

ਮੇਰੀ ਮਾਂ
ਮੀਂਹ ਦੀ ਇੱਕ ਬਦਲੀ ਤੋਂ ਸਾਰਿਆਂ
ਇੱਕ ਅੱਖੀ ਤੇ ਹਾਸਾ ਕਰਦੀ ਹੈ।

## ਨਾਟਸੂਮੇ ਸੂਇਕੀ

1

ਕੇਲਿਆਂ ਦੀ ਇੱਕ ਸਾਰੀ ਝੁੰਡ
ਅੰਗੂਰ ਦੀ ਵੇਲ ਆਪਣਾ ਫਲਣਾ ਰਾਹੀ ਰੱਖਦੀ ਹੈ
ਮਰੇਂ ਤੱਕ ਕਿ ਉਹ ਸਭ ਦੇ ਗੁਆਚ ਗਈ ਹੋ ਗਾਂਦੀ।

2

ਕਾਂ ਉੱਡ ਗਿਆ ਹੈ:
ਸ਼ਾਮ ਦੀ ਧੁੱਪ ਵਿੱਚ ਝੂਲ ਰਿਹਾ
ਇੱਕ ਬਿਰਛ ਨਿਪੱਤਰਾ।

3

ਨਵੇਂ ਵਰ੍ਹੇ ਦੇ ਦਿਨ
ਮੈਂ ਆਪਣੇ ਹੱਥ ਫੜੇਲਿਆਂ ਨੂੰ ਇਸ਼ਟ ਨਹੀਂ ਤਾਂਘਦਾ ਹਾਂ
ਜਿਵੇਂ ਉਹ ਮੇਰੇ ਸਰਾਮ ਤੋਂ ਪਹਿਲਾ ਸਨ

4.

ਮੇਰੇ ਮੋਢਿਆਂ ਤੇ ਬੈਠਦੀ ਹੈ
ਅੱਖੀ ਸਾਥ ਦੀ ਤਾਂਘ ਵਿੱਚ
ਇੱਕ ਲਾਲ ਅਤਾਂ ਅੱਖੀ।

5

ਹਰਾ ਭਰਾ ਪਹਾੜ ਦਾ ਮੈਦਾਨ:
ਤੇਰ ਚਾਨਣੀ ਤਪਦੀ ਨੂੰ ਦੇ ਵਿਚਕਾਰ
ਇੱਕ ਫੁੱਲ ਖਿੜਿਆ।

6.

ਪੱਤਝੜ ਦੇ ਮੌਸਮ ਵਿੱਚ
ਇੱਕ ਅਸ-ਰੰਗ ਪਹਾੜ ਦੌੜ ਰਿਹਾ ਹੈ
ਉਤਾਂਹ, ਹੋਰ ਉਤਾਂਹ

## ਟਾਕਾਹਾਮਾ ਕਾਇਓਸ਼ੀ

1

ਇੱਕ ਸੁਨਿਹਰੀ ਪਤੰਗਾ—
ਮੈਂ ਇਸਨੂੰ ਹਨੇਰੇ ਵਿੱਚ ਉਛਾਲਦਾ ਹਾਂ
ਰਾਤ ਦੀ ਗਹਿਰਾਈ ਦਾ ਅਹਿਸਾਸ ਮੇਰੇ ਅੰਦਰ ਜਾਗਦਾ ਹੈ।

2.

ਇੱਕ ਤਿੱਤਲੀ ਸਾਗਰ ਉੱਤੇ:
ਇਹ ਉੱਡਦੀ ਹੈ
ਆਪਣੀ ਹੀ ਰੂਹ ਦੀ ਭਾਲ ਵਿੱਚ।

3.

ਉਹ ਇੱਕ ਸ਼ਬਦ ਬੋਲਦਾ ਹੈ
ਮੈਂ ਇੱਕ ਸ਼ਬਦ ਬੋਲਦਾ ਹਾਂ
ਪੱਤਝੜ ਹੋਰ ਡੂੰਘੀ ਹੋ ਗਈ ਹੈ।

## ਓਗੀਵਾਰਾ ਸ਼ੈਨਜੀ

1

ਅੰਬਰ ਇੱਕ ਤੁਰਦਾ ਹੈ
ਸ਼ਾਂਤ ਜਿਹਾ
ਚੰਨ ਇਕੱਲਿਆਂ ਹੀ।

2.

ਤਿਤਲੀ ਦੇ ਖੰਭ
ਸੰਸਾਰ ਇੱਕ ਸੱਚ ਤੋਂ ਖੁਸ਼ਕਿਸਮਤ ਹਵਾ;
ਕੀੜੀਆਂ ਇਹਨਾਂ ਨੂੰ ਖਿੱਚਦੀਆਂ ਹਨ।

## ਮੁਰਾਕਾਮੀ ਕਿਜੋ

1

ਪੱਤਝੜ ਦੀ ਪਹਿਲੀ ਸਵੇਰ:
ਸ਼ੀਸ਼ੇ ਵਿੱਚ ਮੈਂ ਵੇਖਦਾ ਹਾਂ
ਉਹੋ ਮੇਰੇ ਪਿਤਾ ਦਾ ਚਿਹਰਾ ਉਭਰਦਾ ਹੈ।

2.

ਸਿਆਲ ਦਾ ਸੂਰਜ:
ਮੇਰੇ ਤੋਂ ਅੱਗੇ ਅੱਗੇ ਜਾ ਤੁਰ ਰਿਹਾ
ਮੇਰਾ ਆਪਣਾ ਹੀ ਪਰਛਾਵਾਂ।

3.

ਬਸੰਤ ਰੁੱਤ ਦੀ ਵਰਖਾ:
ਮੈਨੂੰ ਲਗਿਆ ਹੈ
ਮੈਂ ਪੰਛੀਆਂ ਵਿੱਚ ਹੀ ਰੂਹ ਵੇਖੀ ਹੈ।

## ਈਇਦਾ ਦਾਕੋਤਸੂ

1

ਮੌਤ ਦੇ ਮਗਰੋਂ ਸਮਾਨ ਵਿੱਚ
ਲਭਾਂ ਉਭਾਰਦਾ ਮੌਤ ਦਾ ਸਿਆਹ—
ਇੱਕ ਵਜੋਰ ਝੰਡਾ।

2.

ਮੈਂ ਤੈਰਨਾ ਨਹੀਂ ਜਾਣਦਾ ਹਾਂ:
ਪਾਣੀ ਦੇ ਲੋਕਾਂ ਨੂੰ ਡੁੱਬੇ ਵੇਖਿਆ ਹੈ
ਮੈਨੂੰ ਮਿੱਠੀ ਖੁਸ਼ੀ ਦਿੱਤਾ ਹੈ।

3

ਇਕ ਪਿਆਰ ਦੀ ਤੰਦ ਇਕ
ਇਕ ਹੀ ਰੁਕ ਦਾ ਰੁਕ ਨਹੀਂ
ਇਕ ਉੱਚੀ [illegible] ਰੁੱਖ।

4

ਤੂਫਾਨ ਦੀ ਸਿਆਹ ਦੁਪਿਹਰ:
ਮੈਂ, ਆਪਣੀਆਂ ਅੱਖਾਂ ਮੂੰਦੀ
ਇਕ ਆਵਾਜ਼ ਵੱਲ ਜਾ ਰਹੀ ਹਾਂ।

5.

ਇੱਕ ਘੋੜੇ ਦੀਆਂ ਅੱਖਾਂ
ਤੇ ਏਕ ਇੱਕ ਹਰ ਸਿਆਲ ਹੈ–
ਜਿਸ ਵਿਚ [illegible] ਅੱਥਰੂਆਂ ਨੂੰ ਘੂਰ ਰਹੀਆਂ ਹਨ।

6.

ਉਸ ਹੋਣੀ ਦੀ [illegible] ਨਹੀਂ ਹੈ–
ਪਰ ਇਹ ਹੀ, [illegible] ਰਹੀ ਸਦੀ ਇਕ
ਮੈਂ ਇੱਕ [illegible] ਵੇਖੀ ਹੈ।

## ਓਸ਼ਾਗੀ ਤੇਸ਼ਾਈ

1

ਸੌਣ ਦੀ ਧੁੱਪ ਵਿੱਚ
ਆਪਣੀ ਪੂਰੀ ਤਾਕਤ ਨਾਲ
ਮੈਂ ਇੱਕ ਘੋੜੇ ਦਾ ਪਿੱਛਾ ਕਰਦਾ ਹਾਂ।

2.

ਰਾਤ ਦੇ ਪਿਛਲੇ ਪਹਿਰ
ਦੂਰ ਕਿਤੇ ਇੱਕ ਤਿਲਕਦਾ ਤਾਰਾ
ਖੰਭਿਆਂ ਦਾ ਰਿਹਾ ਹੈ।

3.

ਬਸੰਤ ਰੁੱਤ ਆ ਪਹੁੰਚੀ ਹੈ –
ਇੱਕ ਵਿਸ਼ਾਲ ਅਸਮਾਨੀ ਇਸ਼ਤਿਹਾਰ
ਇਹ ਰਿਹਾ ਰਿਹਾ ਹੈ।

4.

ਸੌਂਪਦੇ ਸਮ ਇੱਕ
ਦੋ ਅੱਖਾਂ
ਮੁਸਕਰੀਆਂ ਹਨ।

5

ਸ਼ਿਕਾਰ:
ਇੱਕ ਬਾਜ਼,
ਮੈਂ ਰਿਹਾ ਹਾਂ।

6

ਇੱਕ ਪਿਆਰ ਆਵਾਜ਼ੀ
ਵੇਖ ਰਿਹਾ ਹੈ
ਇੱਕ ਫੁੱਲ ਨੂੰ ਵੱਢੇ ਜਾਂਦਿਆਂ।

## ਹੀਨੋ ਸੋਜੋ

1

ਇੱਕ ਤਰ੍ਹਾਂ ਦੇ ਥੀਂਗ-
ਆਪਣੀ ਮੁੱਠੀ 'ਚ ਘੁਟਦਿਆਂ
ਆਪਣੀ ਤਲੀ ਦੇ ਸੀਨੇ ਜ਼ਿੰਦਗੀ ਦੀ ਧੜਕਣ ਮਹਿਸੂਸ ਕਰਦਾ ਹਾਂ

2.

ਮੈਂ ਆਪਣੀਆਂ ਅੱਖਾਂ ਮੀਟਦਾ ਹਾਂ
ਉਸ ਪਿਆਰ ਦਾ ਲਿੱਖ ਮਾਣਨ ਲਈ
ਜੋ ਸੁੰਦਰ ਹੋਈ ਬੀਤ ਚੁੱਕਾ ਹੈ।

## ਮੀਜ਼ੂਹਾਰਾ ਸ਼ੂਓਸ਼ੀ

1

ਇੱਕ ਪਹਾੜ 'ਤੇ ਜਾਂਦਿਆਂ
ਮੈਂ ਹਨੇਰਾ ਵੇਖ ਕੇ ਰੌਂਕ ਜਾਂਦਾ ਹਾਂ:
ਪਤਝੜ ਦੀ ਇੱਕ ਸ਼ਾਮ।

2.

ਮਰਾਂ ਤੋਂ ਪਟ
ਕੀੜਿਆਂ ਦੁਆਲੇ ਨਹੀਂ ਘੁੰਮਦੇ
ਉਹ ਚੰਨ ਦੀ ਪਰਕਰਮਾ ਕਰਦੇ ਹਨ।

## ਤੋਮੀਯਾਸੂ ਫ਼ੂਸੀ

ਦੁਆਲੇ ਹਿਲਾਂਦਿਆਂ
ਉਹ ਤਾਂ ਜ਼ਿੰਦਗੀ ਦਾ ਹੀ ਅਨੰਦ ਮਾਣਦੀਆਂ ਹਨ:
ਨੌਜਵਾਨ ਸੁੰਦਰੀਆਂ।


ਪਾਰਟੀਆਂ, ਵਿਆਹ ਸ਼ਾਦੀਆਂ ਜਾਂ ਹੋਰ ਕਾਰਜਾਂ ਲਈ ਸਾਡੀਆਂ ਸੇਵਾਵਾਂ ਹਰ ਵੇਲੇ ਹਾਜ਼ਰ ਹਨ। ਵਧੀਆਂ ਪਕਵਾਨ ਅਤੇ ਘੱਟ ਰੇਟ ਸਾਡੀ ਵਿਸ਼ੇਸ਼ਤਾਈ ਹੈ। ਤਾਜ ਮਹੱਲ ਵਿੱਚ ਇੱਕ ਵਾਰੀ ਖਾਧਾ ਸੁਆਦੀ ਪਕਵਾਨ ਤੁਹਾਨੂੰ ਬਾਰ ਬਾਰ ਇਥੇ ਲਿਆਵੇਗਾ

TAJ MAHAL
RESTAURANT

"Fully Licensed"



Wedding & Party Catering

876-8133

2420 MAIN ST. VANCOUVER.




## ਦੂਜਾ ਪਾਸਾ — ਅਜਮੇਰ ਰੋਡੇ

ਅਜਮੇਰ ਰੋਡੇ ਉਨ੍ਹਾਂ ਨੌਜਵਾਨ ਲੇਖਕਾਂ ਵਿਚੋਂ ਇਕ ਹੈ ਜੋ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀ ਬੋਲੀ ਵਿਚ ਸਾਹਿਤ ਸਿਰਜਣਾ ਕਰਕੇ ਇਸਦੇ ਵਸਤੂ-ਭੰਡਾਰ ਵਿਚ ਵਿਲੱਖਣਤਾ ਅਤੇ ਨਵੇਂ ਰੰਗ ਭਰਦੇ ਹਨ। ਇਹ ਵਿਲੱਖਣਤਾ ਉਨ੍ਹਾਂ ਨੂੰ 'ਪਰਾਈ' ਧਰਤੀ ਦੇ ਨਵੇਂ ਤੇ ਨਿਜੀ ਅਨੁਭਵ ਵਿਚੋਂ ਪ੍ਰਾਪਤ ਹੋਈ ਹੈ। 'ਦੂਜਾ ਪਾਸਾ' ਇਕਾਂਗੀ ਸੰਗ੍ਰਿਹ [ਨਾਨਕ ਸਿੰਘ ਪੁਸਤਕਮਾਲਾ ਅੰਮ੍ਰਿਤਸਰ, ਮੁੱਲ ਵੀਹ ਰੁਪਏ] ਦੇ ਤਿੰਨੇ ਇਕਾਂਗੀ ਇਸੇ ਵਿਲੱਖਣਤਾ ਦੇ ਸੂਚਕ ਹਨ।

'ਦੂਜਾ ਪਾਸਾ' ਇਸ ਸੰਗ੍ਰਹਿ ਦਾ ਪਹਿਲਾ ਇਕਾਂਗੀ ਨਾਟਕ ਹੈ ਅਤੇ ਬਿਨਾ ਸ਼ੱਕ ਉਹ ਇਸ ਸੰਗ੍ਰਹਿ ਦਾ ਉੱਤਮ ਨਾਟਕ ਹੈ। ਵਧੀਆ ਰੁਜ਼ਗਾਰ ਜਾਂ ਅਮੀਰ ਬਣਨ ਦੀ ਲਾਲਸਾ ਵਿਚ ਕਿੰਨੇ ਹੀ ਪੰਜਾਬੀ ਹੋਰ ਭਾਰਤੀਆਂ ਵਾਂਗ ਅਮੀਰ ਤੇ ਸਰਮਾਏਦਾਰ ਮੁਲਕਾਂ ਵਿਚ 'ਆਪਣੀ' ਧਰਤੀ ਛੱਡ ਕੇ ਚਲੇ ਜਾਂਦੇ ਹਨ। ਚੰਗਾ ਪੈਸਾ ਕਮਾ ਕੇ ਚੰਗੇ 'ਅਮੀਰ' ਵੀ ਬਣ ਜਾਂਦੇ ਹਨ। ਜੀਵਨ ਦੀਆਂ ਪਦਾਰਥਕ ਲੋੜਾਂ ਦੀ ਕੋਈ ਘਾਟ ਮਹਿਸੂਸ ਨਹੀਂ ਹੁੰਦੀ। ਪਰ ਜ਼ਿੰਦਗੀ ਜਿਉਣ ਲਈ ਸਿਰਫ ਪਦਾਰਥਕ ਲੋੜਾਂ ਦੀ ਪੂਰਤੀ ਹੀ ਕਾਫੀ ਨਹੀਂ। ਇਹ ਤਾਂ ਸਾਡੀਆਂ ਪਸ਼ੂ-ਪੱਧਰ ਤਕ ਦੀਆਂ ਲੋੜਾਂ ਹਨ, ਅਸਲ ਜ਼ਿੰਦਗੀ ਤਾਂ ਇਸ ਤੋਂ ਅਗਾਂਹ ਸ਼ੁਰੂ ਹੁੰਦੀ ਹੈ। ਇਸ ਤੋਂ ਅਗਾਂਹ ਰੂਹ ਦੀਆਂ ਲੋੜਾਂ ਹਨ, ਜਿਨ੍ਹਾਂ ਦੀ ਥੁੜ ਲੱਖ ਪਦਾਰਥ ਹੋਣ 'ਤੇ ਵੀ ਬੰਦੇ ਨੂੰ 'ਲੱਖ ਤੋਂ ਕੱਖ' ਦਾ ਬਣਾ ਧਰਦੀ ਹੈ।

ਮਨੁੱਖ ਜਿਸ ਧਰਤੀ 'ਤੇ ਜੰਮਦਾ ਪਲਦਾ ਤੇ ਵੱਡਾ ਹੁੰਦਾ ਹੈ, ਉਥੋਂ ਦਾ ਕੋਈ ਕਲਚਰ ਵੀ ਹੁੰਦਾ ਹੈ। ਇਸ ਕਲਚਰ ਦੀਆਂ ਆਪਣੀਆਂ ਵਿਸ਼ੇਸ਼ ਤੇ ਨਿਵੇਕਲੀਆਂ ਕਦਰਾਂ ਕੀਮਤਾਂ ਹੁੰਦੀਆਂ ਹਨ। ਇਹ ਕਦਰਾਂ ਕੀਮਤਾਂ ਹੀ ਉਸ ਧਰਤੀ ਦੇ ਮਨੁਖ ਦੀ ਸ਼ਖ਼ਸੀਅਤ ਬਣਦੀਆਂ ਹਨ। ਇਹ ਕਦਰਾਂ ਕੀਮਤਾਂ ਉਸਦੀ ਮਾਨਸਿਕਤਾ ਦਾ ਅਨਿਖੜਵਾਂ ਅੰਗ ਬਣ ਜਾਂਦੀਆਂ ਹਨ। ਉਹ ਜੋ ਕੁਝ ਵੀ ਹੈ, ਇਸ ਕਲਚਰ ਦਾ ਬਣਾਇਆ ਹੈ। ਇਸ ਲਈ ਜਦੋਂ ਕੋਈ ਮਨੁਖ 'ਪਰਾਈ' ਧਰਤੀ ਦੇ ਕਲਚਰ ਵਿਚ ਜਾ ਵਸਦਾ ਹੈ ਤਾਂ ਉਸਦੀ ਸ਼ਖ਼ਸੀਅਤ ਜਾਂ ਹੋਂਦ ਨੂੰ ਕਲਚਰ ਦੇ ਇਸ ਸੰਕਟ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਸੰਕਟ ਨੂੰ ਇਕਾਂਗੀ ਦੂਜਾ ਪਾਸਾ ਬੜੇ ਸੁਚੱਜੇ ਤੇ ਕਲਾਮਈ ਢੰਗ ਨਾਲ ਪੇਸ਼ ਕਰਦਾ ਹੈ। ਹਰਨਾਮ ਸਿੰਘ ਇਸੇ ਸੰਕਟ ਦਾ ਸ਼ਿਕਾਰ ਹੈ। ਉਸਦੀ 'ਪੱਗ' ਨੂੰ ਵੇਖ ਕੇ ਗੋਰੇ ਮੁੰਡਿਆਂ ਦਾ 'ਕੁਤੀੜ ਵਾਧਾ' ਖ਼ਾਹਮ-ਖ਼ਾਹ ਉਸ ਨਾਲ ਛੇੜਖਾਨੀਆਂ ਕਰਦਾ ਹੈ। ਜਦੋਂ ਉਹ ਉਨ੍ਹਾਂ ਨੂੰ ਰੋਕਦਾ ਹੈ ਤਾਂ ਉਹ 'ਇੱਲਾਂ ਆਂਗੂੰ ਟੁਟ ਕੇ ਆ ਪਏ...ਪੱਗ ਖਿਚ ਕੇ ਥੱਲੇ ਸਿੱਟ ਤੀ।' ਉਸ ਨੇ ਵੀ ਇਕ ਦੋ ਦੇ ਲਾਈਆਂ 'ਪਰ ਤਿੰਨਾਂ ਅੱਗੇ ਕੱਲੇ ਦਾ ਕੀ ਬਣਦੈ ਉਤੋਂ ਬਗਾਨਾ ਮੁਲਖ।'

ਸੋ ਸੰਕਟ 'ਪੱਗ ਸਿੱਟਣੀ' ਤੇ 'ਬਗਾਨੇ ਮੁਲਖ' ਦੇ ਵਿਰੋਧੀ ਰਿਸ਼ਤੇ ਦਾ ਹੈ। ਦੂਜੇ ਸ਼ਬਦਾਂ ਵਿਚ 'ਆਪਣੇ' ਕਲਚਰ ਤੇ 'ਦੂਜੇ' ਕਲਚਰ ਦੀ ਟੱਕਰ ਦਾ ਹੈ। 'ਬਗਾਨੇ ਮੁਲਖ' (ਬਗਾਨੇ ਕਲਚਰ) ਵਿਚ 'ਪੱਗ' (ਆਪਣੇ ਕਲਚਰ) ਦੇ ਨਵਿਟ ਹੋਣ ਦਾ ਹੈ। ਜਿਹੜਾ 'ਪੱਗ ਸਿੱਟ ਕੇ ਉਸੇ ਵਰਗਾ' ਹੋਣ ਦਾ ਭੁਲੇਖਾ ਖਾਂਦਾ ਹੈ ਉਹ ਜਿਉਂਦਾ ਮਰਿਆਂ ਵਰਗਾ ਹੈ (ਬਲਵੰਤ : ਅੰ ਤਾਂ ਬਾਕੀ ਵੀ ਏਥੇ ਕ੍ਰਹੇ ਈ ਫਿਰਦੇ ਐ, ਸਾਰੇ ਤਾਂ ਨੀ ਔਖੇ। ਗੱਲ ਤਾਂ ਇਹ ਐ ਬਈ ਜਿਥੇ ਬੰਦਾ ਰਹੇ ਉਥੋਂ ਵਰਗਾ ਈ ਹੋ ਕੇ ਰਹੇ) ਪਰ ਮਸਲਾ ਤਾਂ ਇਹ ਹੈ ਕਿ ਕੀ 'ਕਪੜੇ' ਦੀ ਪੱਗ ਲਾਹਿਆਂ 'ਕਲਚਰ' ਦੀ ਪੱਗ ਸਿਰ ਤੋਂ ਲਹਿ ਜਾਵੇਗੀ ? ਜਿਹਨਾਂ ਪੰਜਾਬੀਆਂ ਨੇ ਸਿਰ ਮੁਨਾ ਕੇ ਪੱਗਾਂ ਲਾਹ ਦਿਤੀਆਂ ਹਨ, ਕੀ ਉਹ ਇਸ ਸੰਕਟ ਤੋਂ ਬਰੀ ਹੋ ਗਏ ਹਨ ? ਨਹੀਂ। ਹਰਨਾਮ ਸਿੰਘ ਦਾ ਪੁਤਰ ਗੁਰਦੀਪ, ਜੋ ਕਲੀਨ ਸ਼ੇਵਿਨ ਹੈ ਅਤੇ ਜਿਹੜਾ ਇਸ ਵਿਸ਼ਵਾਸ ਦਾ ਧਾਰਨੀ ਹੈ ਕਿ 'ਦੀਨ ਈਮਾਨ' ਪੱਗ ਤੋਂ ਬਿਨਾ ਵੀ ਰਹਿ ਸਕਦਾ ਹੈ, ਇਸੇ ਸੰਕਟ ਦਾ ਸ਼ਿਕਾਰ ਹੈ। ਉਹ ਬਲਵੰਤ ਵਾਂਗ ਮਰਿਆ ਬਣਕੇ ਨਹੀਂ ਜਿਉਣਾ ਚਾਹੁੰਦਾ ਜਿਹੜਾ ਪੈਸੇ ਨੂੰ ਹੀ ਸਭ ਕੁਝ ਸਮਝਦਾ ਹੈ। ਕਲਚਰ ਦੀ ਪੱਗ ਮੰਡੀ ਦਾ ਮਾਲ ਤਾਂ ਹੈ ਨਹੀਂ ਜਿਹੜਾ ਜਦੋਂ ਮਰਜ਼ੀ ਖਰੀਦ ਲਿਆ ਤੇ ਜਦੋਂ ਮਰਜ਼ੀ ਵੇਚ ਦਿਤਾ। ਇਹ ਤਾਂ ਬੰਦੇ ਦੀ ਖਮੀਰ ਦਾ ਹਿੱਸਾ ਹੈ ਜਿਸ 'ਤੇ ਉਸਦੀ ਜ਼ਿੰਦਗੀ ਨਿਰਭਰ ਕਰਦੀ ਹੈ। ਇਹ ਤਾਂ ਕਲੀਨ ਸ਼ੇਵਿਨ ਜਗਦੇਵ ਨੂੰ ਵੀ

## ਗੀਤ

ਪਰਮਪਾਲ ਦਾਨੀ

ਵਤਨ ਤੇਰਾ ਹੈ ਖਤਰੇ ਵਿੱਚ
ਬੜਾ ਦੰਗਾ, ਬੜਾ ਦੰਗਾ
ਅਗਰ ਵਿੱਚ ਖੂਨ ਹੈ ਤੇਰੇ
ਤਾਂ ਕੁੱਝ ਕਰਕੇ ਵਿਖਾ ਚੰਗਾ

ਤੂੰ ਸੁਣ ਨਨਕਾਣਾ ਏਥੇ ਵੀ
ਕਿਵੇਂ ਆਦੇਸ਼ ਦੇਂਦਾ ਏ
ਹੈ ਕੀ ਇਹ ਵਕਤ [illegible] ਦਾ?
ਕੀ ਤੂੰ [illegible] ਦੇਂਦਾ ਏਂ
[illegible] ਆਏ [illegible] ਅੰਦਰ
ਵੈਰੀ [illegible] ਦੰਗਾ
ਵਤਨ ਤੇਰਾ ਹੈ ਖਤਰੇ ਵਿੱਚ
ਬੜਾ ਦੰਗਾ, ਬੜਾ ਦੰਗਾ।

ਧਰਤ ਮਹਿਮੂਦ, ਅਬਦਾਲੀ,
ਵਤਨ ਵਿੱਚ ਤੇ ਆਏ [illegible]
[illegible] ਵਿੱਚ ਤੇ ਆ!
[illegible] ਜੋ ਵਤਨ [illegible]
ਕਿਤੇ ਅਬਲਾ ਦੇ ਤੇਵੇ ਵੀ
[illegible] ਆਏ [illegible] ਦੰਗਾ
ਵਤਨ ਤੇਰਾ ਹੈ ਖਤਰੇ ਵਿੱਚ
ਬੜਾ ਦੰਗਾ, ਬੜਾ ਦੰਗਾ।

ਗੁਲਾਮੀ ਤੋਂ ਬਿਨਾਂ [illegible] ਵੀ
ਕਿਸਮਤ [illegible] ਨਹੀਂ ਸਕਦੀ
[illegible] ਹਿੰਮਤ [illegible]
ਤੇ [illegible] ਨਹੀਂ ਸਕਦੀ
[illegible] ਤੇਰਾ [illegible] ਤੇ
[illegible] ਜਾਵੇਂ [illegible] ਦੰਗਾ
ਵਤਨ ਤੇਰਾ ਹੈ ਖਤਰੇ ਵਿੱਚ
ਬੜਾ ਦੰਗਾ, ਬੜਾ ਦੰਗਾ।

ਓਏ! ਪਾਪਾਂ ਦੀ ਨਗਰੀ ਵਿੱਚ
[illegible] ਹੈ ਅੱਗ [illegible]
[illegible]
[illegible] ਕਿਸਮਤ
ਤੂੰ 'ਦਾਨੀ' ਵਾਂਗ [illegible]
[illegible] ਦੰਗਾ
ਵਤਨ ਤੇਰਾ ਹੈ ਖਤਰੇ ਵਿੱਚ
ਬੜਾ ਦੰਗਾ, ਬੜਾ ਦੰਗਾ
ਅਗਰ ਵਿੱਚ ਖੂਨ ਹੈ ਤੇਰੇ
ਤਾਂ ਕੁੱਝ ਕਰਕੇ ਵਿਖਾ ਚੰਗਾ।

ਕਹਿੰਦੀ ਹੈ ਕਿ ਗੁਰਦੀਪ ਨੂੰ ਕਹਿ; 'ਪਰਸੋਂ ਆਪਣੇ ਅਖੰਡ ਪਾਠ ਦਾ ਭੋਗ ਪੈਣਾ ਐ ਗੁਰਦੁਆਰੇ 'ਹਰਨਾਮ ਸਿਹੁੰ ਨੂੰ ਕਹਿ ਦਿਓ ਬਰ ਜਰੂਰ ਹਾਜਰ ਹੋਵੇ'।

'ਇਕ ਟੁਟੀ ਹੋਈ ਸੁਪਨਾ' ਵਿਚ ਅਜਮੇਰ ਰੋਡੇ ਨੇ ਉਨ੍ਹਾਂ.ਕੁੜੀਆਂ ਦੇ ਦੁਖਾਂਤ ਨੂੰ ਮੂਰਤੀਮਾਨ ਕੀਤਾ ਹੈ ਜਿਹੜੀਆਂ ਵਿਦੇਸ਼ਾਂ ਵਿਚ ਜਾ ਕੇ 'ਸੁਰਗਾਂ ਵਿਚ ਰਹਿਣ' ਦੇ ਸੁਫਨੇ ਲੈਂਦੀਆਂ ਹਨ; ਪਰ ਜਦੋਂ ਉਹ ਕਠੋਰ ਯਥਾਰਥ ਨਾਲ ਟਕਰਾਉਂਦੀਆਂ ਹਨ ਤਾਂ ਉਹਨਾਂ ਦੇ ਸੁਫਨਿਆਂ ਦੀ ਰੰਗੀਨ 'ਦੁਨੀਆਂ ਖੇਰੂੰ ਖੇਰੂੰ ਹੋ ਜਾਂਦੀ ਹੈ। ਕੁਲਵੰਤ .ਨਾਲ ਇਹੋ ਕੁਝ ਹੁੰਦਾ ਹੈ। ਉਸਦਾ ਪਤੀ ਜਗਮੇਲ ਉਸਨੂੰ ਪਸ਼ੂ ਤੋਂ ਵੱਧ ਕੁਝ ਨਹੀਂ ਸਮਝਦਾ ਕਿਉਂਕਿ ਉਸਦੇ ਮੁੰਡਾ ਨਹੀਂ (ਕਲਚਰ ਏਥੇ ਵੀ ਹੱਥ ਧੋ ਕੇ ਪਿਛੇ ਪਿਆ ਹੋਇਆ ਹੈ) ਭਾਵੇਂ ਇਸ ਸਮੱਸਿਆ ਦਾ ਮੂਲ ਪੰਜਾਬੀ ਕਲਚਰ ਹੀ ਹੈ ਪਰ ਕੁਲਵੰਤ ਦੇ ਦੁਖਾਂਤ ਵਿਚ ਵਾਧਾ ਇਹ ਹੈ ਕਿ ਉਹ ਪਰਦੇਸ ਵਿਚ ਬੈਠੀ ਆਪਣੇ ਮਾਂ ਬਾਪ,ਭੈਣ ਭਰਾ ਤੋਂ ਦੂਰ ਆਪਣੇ ਆਪ ਨੂੰ ਬੇਸਹਾਰਾ ਤੇ ਬੇਵਸ ਪਾਉਂਦੀ ਹੈ। ਉਹ ਕਿਸਦੇ ਗਲ ਲਗ ਕੇ ਰੋਵੇ ? ਇਕ ਸਹੇਲੀ ਪਰਮਿੰਦਰ ਹੈ ਪਰ ਉਹ ਤਾਂ ਉਸਤੋਂ ਕਿੰਨੀ ਦੂਰੀ 'ਤੇ ਰਹਿੰਦੀ ਹੈ, ਕੁਝ ਦਿਨਾਂ ਲਈ ਉਸ ਨੂੰ ਸਿਰਫ ਮਿਲਣ ਹੀ ਆਈ ਹੈ ? ਕੁਲਵੰਤ ਦੁੱਖਾਂ ਦਾ ਲਾਵਾ ਅੰਦਰ ਦਬਾਈ ਬੈਠੀ ਹੈ ਅਤੇ ਜਦੋਂ ਇਹ ਲਾਵਾ ਪਰਮਿੰਦਰ ਦੇ ਆਏ ਤੋਂ ਬਾਹਰ ਨਿਕਲਣ ਦਾ ਮੌਕਾ ਲਭਦਾ ਹੈ ਤਾਂ ਉਹ ਦਿਮਾਗੀ ਤਵਾਜ਼ਨ ਖੋ ਬੈਠਦੀ ਹੈ ਅਤੇ ਪਾਗਲ ਹੋ ਜਾਂਦੀ ਹੈ।

'ਵੀਜ਼ਾ' ਇਕ ਮਜ਼ਾਹੀਆ ਕਿਸਮ ਦਾ ਨਾਟਕ ਹੈ ਜਿਸ ਵਿਚ ਵੀਜ਼ਾ ਪ੍ਰਾਪਤੀ ਨਾਲ ਸੰਬੰਧਿਤ ਮਹਿਕਮਿਆਂ ਦੇ ਅਫਸਰਾਂ ਤੇ ਕਰਮਚਾਰੀਆਂ ਦੀ ਕੁਰੱਪਸ਼ਨ ਨੂੰ ਵਿਅੰਗਾਤਮਕ ਢੰਗ ਨਾਲ ਨੰਗਾ ਕੀਤਾ ਗਿਆ ਹੈ। ਵੀਜ਼ਾ ਪ੍ਰਾਪਤ ਕਰਨ ਦੇ ਇਛਕ ਆਦਮੀ ਦਾ ਆਖਰੀ ਕਪੜਾ (ਪੈਂਟ) ਲਾਹੁਣ ਲਈ ਝਪਟਦੇ ਮਿਸਟਰ ਸਿੰਗਲ ਦੇ ਸੰਕੇਤਕ ਕਾਰਜ ਰਾਹੀਂ ਰੋਡੇ ਨੇ ਵਿਅੰਗਾਤਮਕ ਸ਼ੈਲੀ ਵਿਚ ਇਸ ਖੇਤਰ ਦੇ ਭ੍ਰਿਸ਼ਟਾਚਾਰ ਦੀ ਯਥਾਰਥਕ ਤਸਵੀਰ ਖਿਚੀ ਹੈ।'

ਕਿਉਂਕਿ ਇਹਨਾਂ ਨਾਟਕਾਂ ਦੀ ਮੰਚ-ਪੇਸ਼ਕਾਰੀ ਵੇਖਣ ਦਾ ਨਸੀਬ ਮੈਨੂੰ ਹਾਸਿਲ ਨਹੀਂ ਹੋਇਆ ਇਸ ਲਈ ਇਸ ਪੱਖ 'ਤੇ ਕੁਝ ਨਾਂ ਕਹਿਣਾ ਹੀ ਬਣਦਾ ਹੈ। ਹਾਂ,ਨਾਟਕਾਂ ਦੀ ਬੁਣਤੀ ਇਸ ਸੰਭਾਵਨਾ ਵੱਲ ਸੰਕੇਤ ਜ਼ਰੂਰ ਕਰਦੀ ਹੈਕਿ ਇਹ ਮੰਚ ਉਤੇ ਸਫਲਤਾ ਸੰਗ ਖੇਡੇ ਜਾਣ ਦੇ ਗੁਣਾਂ ਦੇ ਧਾਰਨੀ ਹਨ। ਸਾਡੇ ਪਰਵੀਨ ਨਿਰਦੇਸ਼ਕਾਂ ਅਤੇ ਮੰਚ ਕਲਾਕਾਰਾਂ ਨੂੰ ਇਹ ਨਾਟਕ ਖੇਡਣ ਲਈ ਆਪਣੀ ਕਲਾ-ਅਜ਼ਮਾਈ ਕਰਨੀ ਚਾਹੀਦੀ ਹੈ।

[ਅਜਮੇਰ ਸਿੰਘ ਔਲਖ]

o o o o


If you are looking for
'Quality [redacted]
* Quality [redacted]
* Price
* After sale service when buying your car contact
Kuldip S. Jhand

ਕਿਸੇ ਪਰਕਾਰ ਦੀ ਕਾਰ ਖ਼੍ਰੀਦਣੀ ਜਾਂ ਟਰੇਡ ਕਰਨੀ ਹੋਵੇ ਤਾਂ ਖ਼੍ਰੀਦਣ ਤੋਂ ਪਹਿਲਾਂ ਕੁਲਦੀਪ ਝੰਡ ਨੂੰ ਮਿਲੋ ਜਾਂ ਫੂਨ ਕਰੋ



Office
521-7731
Res. 524-4137

WESTMINSTER CHEVROLET-OLDSMOBILE
12 th Ave. at Queens Ave
New West Minster


## ਕਿਤੇ ਨਾ ਪਹੁੰਚਣ ਵਾਲੀ ਸੜਕ : ਰਾਜਬੀਰ

ਰਾਜਬੀਰ ਦੀ ਇਹ ਮਿਹਨਤ ਤੇ ਸਿਦਕ-ਦਿਲੀ ਨਾਲ ਲਿਖੀ ਹੋਈ ਦੂਜੀ ਕਾਵਿ-ਪੁਸਤਕ ਹੈ। ਕਿੰਨਾ ਕੁਝ ਹੀ ਨਵਾਂ ਇਸਨੇ ਆਪਣੀ ਕਵਿਤਾ ਦੇ ਘੇਰੇ ਵਿੱਚ ਲਿਆਂਦਾ ਹੈ। ਰਾਜਬੀਰ ਦੀ ਕਲਾ ਪ੍ਰਬੀਨਤਾ ਦਾ ਸਬੂਤ ਉਸਦੀ ਪਲੇਠੀ ਕਿਰਤ 'ਡੁੱਬਦੇ ਸੂਰਜ ਨਹੀਂ ਵੇਖੀਦੇ' ਦੀ ਬੇਹੱਦ ਚਰਚਾ ਤੋਂ ਵੀ ਮਿਲਦਾ ਸੀ।

ਆਪਣੀ ਹੀ ਲੈਅ ਵਿੱਚ ਸੁਤੰਤਰ ਉਡਾਰੀਆਂ ਮਾਰਦੀ ਉਸਦੀ ਕਵਿਤਾ ਉਨ੍ਹਾਂ ਦੀ ਸ਼ਰਮਿੰਦਗੀ ਦੀ ਗੱਲ ਤੋਰਦੀ ਹੈ ਜੋ ਕੁਦਰਤ ਦੀ ਦੇਣ ਆਜ਼ਾਦੀ ਨੂੰ ਆਪਣੇ ਕਬਜ਼ੇ ਦੀ ਮੁਹਤਾਜ ਕਰਨਾ ਚਾਹੁੰਦੇ ਹਨ। ਸਹਿਮੇ ਹੋਏ ਲੋਕਾਂ ਦੀ ਗੱਲ ਕਰਦਾ ਕਰਦਾ ਖ਼ੁਦ ਵੀ ਭਟਕ ਜਾਂਦਾ ਹੈ ਜਾਣੇ ਪਛਾਣੇ ਰਾਹਵਾਂ 'ਚ ਜੋ ਕਿ ਸਭ ਭੁੱਖੀ ਧਨਸਪਤੀ ਤੋਂ ਅੱਗੇ ਕਿਤੇ ਨਹੀਂ ਪਹੁੰਚਦੇ। ਉਹਦੀ ਕਵਿਤਾ ਦਾ ਅੰਗ ਅਜਿਹੇ ਹੀ ਹੋਰ ਅਨੇਕ ਰਸਤੇ ਨੇ ਜਿੱਥੇ ਰੁੱਖ ਕੁੜੱਤਣ ਥੁੱਕਦੇ ਅਤੇ ਦਰਿਆ ਬਲੀ ਲੈਂਦੇ ਨੇ।

ਮਨੋਰਥ ਤੋਂ ਭਾਵਕ ਹੋਇਆ ਕਵੀ ਅੰਬਰ ਦੀ ਨੀਲੱਤਣ 'ਚ ਸਮਾ ਜਾਣ ਲਈ ਬਿਹਬਲ ਹੋ ਉਠਦਾ ਹੈ। ਬ੍ਰਹਿਮੰਡ ਵਿਚਲੀ ਕਾਲਖ ਅਤੇ ਕਾਲੇ ਆਕਾਸ਼ ਛਾਈ ਹੋਈ ਖਾਮੋਸ਼ੀ ਉਸਨੂੰ ਸੁੱਤੇ ਪਿਆਂ ਵੀ ਰੜਕਦੀ ਰਹਿੰਦੀ ਹੈ। ਲਾਖੇ ਘੋੜੇ ਦੇ ਦਰਦ ਦੀ ਦਾਸਤਾਂ ਨੂੰ ਬਾਰ ਬਾਰ ਪੜ੍ਹਨ ਦੇ ਬਾਵਜੂਦ ਵੀ ਪਾਠਕ ਸੋਚਦਾ ਹੈ ਕਿ ਇਸਤੋਂ ਅੱਗੇ ਵੀ ਕੋਈ ਦੁੱਖ ਹੁੰਦਾ ਹੋਵੇਗਾ ?

ਉਹ ਧੰਦੇ ਦੀ ਖੇਡ 'ਚ ਤਮਾਮ ਜ਼ਿੰਦਗੀ ਦੀ ਗਹਿਰਾਈ ਤੁਰ ਦੇਂਦਾ ਹੈ। ਉਹਦੀ ਕਵਿਤਾ ਆਵਾਜ਼ ਹੈ ਉਹਨਾਂ ਲੋਕਾਂ ਦੀ ਜੋ ਕਤਲ ਤਾਂ ਹੋ ਚੁੱਕੇ ਹਨ ਪਰ ਆਸ ਰਖਦੇ ਹਨ ਬਲਦੇ ਹੋਏ ਦੀਵਿਆਂ ਦੇ ਚਾਨਣ 'ਚ ਬੈਠਣ ਦੀ। ਆਪਣੇ ਲਹੂ 'ਚ ਰਚਦੀ ਜਾ ਰਹੀ ਦੁਸ਼ਮਣ ਦੀ ਚਾਲ ਤੋਂ ਉਹ ਪੂਰੀ ਤਰ੍ਹਾਂ ਸੁਚੇਤ ਹੈ। ਆਪਣੇ ਗੀਤ ਦੇ ਗੁੰਮੇ ਹੋਏ ਅੰਤਰੇ ਰਾਹੀਂ ਉਹ ਆਪਣੇ ਮਨ ਦੀ ਹਾਲਤ ਬਿਆਨ ਕਰਦਾ ਹੋਇਆ ਅਚਨਚੇਤ ਹੀ ਆਪਣੇ ਅਣਕੀਤੇ ਗੁਨਾਹਾਂ ਨੂੰ ਕਬੂਲ ਕਰ ਜਾਂਦਾ ਹੈ।

ਨਿਰਮੋਹੇ ਵਾਂਗ ਜੀ ਰਹੀ ਹੋਂਦ ਨੂੰ ਮਹਿਸੂਸਦਾ ਹੋਇਆ ਉਹ ਜ਼ਿੰਦਗੀ ਦੀ ਸਰਲਤਾ ਤੇ ਸੱਚ ਨੂੰ

ਕਬੂਲ ਕਰਦਾ ਹੈ - ਲਾਰਿਆਂ ਭਰੀ ਕੂੜੀ ਤਸੱਲੀ 'ਚ ਉਹ ਵਿਸ਼ਵਾਸ਼ ਨਹੀਂ ਕਰਦਾ।

ਰਾਜਬੀਰ ਦੀ ਕਵਿਤਾ ਵਿੱਚ ਦੂਜਿਆਂ ਲਈ ਜੀਣ ਦੀ ਰੀਝ ਅਤੇ ਹਾਲਾਤ ਤੋਂ ਉਚਿਆਂ ਉੱਠਕੇ ਜੂਝਣ ਬਦਲਣ ਦੀ ਤਾਂਘ ਹੈ। ਰਾਤ ਦੇ ਹਨੇਰੇ ਦਾ ਵਿਰੋਧ ਕਰ ਰਹੇ ਨਿੱਕੇ ਜਿਹੇ ਦੀਵੇ ਦੇ ਜ਼ਿਕਰ ਨਾਲ ਉਹ ਮਨੁੱਖ ਵਿਚਲੇ ਸੁੱਤੇ ਹੋਏ ਮਨੁੱਖ ਨੂੰ ਹਲੂਣਾ ਦੇਂਦਾ ਹੈ।

ਕੁਲਬੀਰ ਸੂਰੀ ਦੇ ਵਿਅਕਤੀ ਚਿਤਰ ਦੀ ਕਾਰੀਗਰੀ ਨੂੰ ਤਾਂ ਜ਼ਰੂਰ ਸਲਾਹੁਣਾ ਪਏਗਾ। ਇੱਕ ਪਾਸੇ ਰਾਜਬੀਰ ਉਸਦੇ ਸਮੁੱਚੇ ਵਿਅਕਤੀਤਵ ਤੇ ਜੋਰ ਨੂੰ ਆਪਣੀ ਕਵਿਤਾ ਵਿੱਚ ਭਰ ਦੇਂਦਾ ਹੈ ਦੂਜੇ ਪਾਸੇ ਸਮਾਜ ਦੀ ਵੱਡੀ ਲਾਅਣਤ ਫ਼ਿਰਕਾਪ੍ਰਸਤੀ ਨੂੰ ਨਸੀਹਤ ਭਰੇ ਲਹਿਜੇ ਨਾਲ ਛੋਹ ਜਾਂਦਾ ਹੈ।

ਚੌਰਾਹੇ 'ਚ ਵਿਚਰਦੀਆਂ ਮਨਹੂਸ ਘਟਨਾਵਾਂ ਦਾ ਹਰ ਆਉਂਦੇ ਸੂਰਜ ਤੇ ਫ਼ੈਸਲਾ ਛੱਡਣਾ - ਉਹ ਸੂਰਜ ਜੋ ਰੋਜ਼ ਹੀ ਡੁੱਬ ਜਾਂਦਾ ਹੈ ਬਿਨਾਂ ਕੋਈ ਫ਼ੈਸਲਾ ਕੀਤੇ - ਪਾਠਕਾਂ ਲਈ ਕਿਸੇ ਨਵੇਂ ਸੂਰਜ ਦੀ ਤਲਾਸ਼ ਲਈ ਪ੍ਰੇਰਣਾ-ਸ੍ਰੋਤ ਹੈ। ਘਾਇਲ ਪੰਛੀ ਦਾ ਦੁੱਖ ਉਹ ਜਿਸ ਸ਼ਬਦ ਦੁਆਰਾ ਬਿਆਨ ਕਰਦਾ ਹੈ ਉਸਦਾ ਅਰਥ ਕਵੀ ਖੁਦ ਤਾਂ ਨਹੀਂ ਸਮਝਦਾ ਪਰ ਆਪਣੇ ਪਾਠਕ ਨੂੰ ਜ਼ਰੂਰ ਸਮਝਾ ਦੇਂਦਾ ਹੈ।

- ਲਾਟ ਭਿੰਡਰ
(Edmonton, Alberta)

## ਪਿਛਲੇ ਅੰਕ ਦਾ ਰੀਵੀਊ :- ਅਵਤਾਰ ਗਿੱਲ

ਮਜ਼ਦੂਰ ਫ਼ਾਰਮ ਵਿਚ ਕੰਮ ਕਰਨ ਵਾਲੀਆਂ ਔਰਤਾਂ ਨਾਲ ਇੰਟਰਵਿਊ ਅਤੇ ਮਨਜੀਤ ਗਿੱਲ ਦੀ ਕਹਾਣੀ 'ਵਿਕਰੀ ਬੂਥ' ਸਾਰੀ ਅੰਕ ਦੀ ਜਿੰਦ ਜਾਨ ਹਨ। ਜਿੰਨ੍ਹਾਂ ਨਾਲ ਜੋ ਕਹਿਰ ਮਜ਼ਦੂਰ ਤੇ ਪਹਿਰ ਦੇ ਤੌਰ ਤੇ ਵਾਪਰਦਾ ਦਰਸਾਇਆ ਹੈ, ਇਹ ਕੋਈ ਕਾਲਪਨਿਕ ਘਟਨਾ ਨਹੀਂ। ਅਜਿਹੇ ਭਾਣੇ ਸਾਡੇ ਨੇੜੇ ਤੇੜੇ ਆਏ ਦਿਨ ਵਰਤਦੇ ਰਹਿੰਦੇ ਹਨ ਅਤੇ ਅਸੀਂ ਇਨ੍ਹਾਂ ਨੂੰ ਖੰਡ ਲਪੇਟੀ 'ਮਿੱਠਾ ਜ਼ਹਿਰ' ਮੰਨੀ ਜਾ ਰਹੇ ਹਾਂ।

ਨੈਂਸੀ ਐਡਲੀਨ ਅਤੇ ਕੈਥ ਮੈਕਕੇਲਾ ਦੀਆਂ ਕਵਿਤਾਵਾਂ ਜਚਦੀਆਂ ਹਨ ਕੁੱਝ ਨਾ ਕੁੱਝ ਪੱਲੇ ਪੈ ਜਾਂਦਾ ਹੈ, ਸੁਰਜੀਤ ਕਲਸੀ ਦੀ ਕਵਿਤਾ 'ਅੰਤਰ ਘੱਟ ਤੱਕ ਪਿਆਸੀ' ਬਹੁਤ ਅਸਪਸ਼ਟ ਹੈ - ਜਿਵੇਂ ਮੂਸਾ ਪੜ੍ਹੇ ਖੁਦਾ ਵਾਲੀ ਗੱਲ - ਸਧਾਰਨ ਪੰਜਾਬੀ ਪਾਠਕ ਦੀ ਪਕੜ ਤੋਂ ਕੋਹਾਂ ਦੂਰ!

ਦੂਜੇ ਨੇੜਿਉਂ ਕਾਲਮ ਵਿਚ ਕੁੱਝ ਕਵਿਤਾ ਦੀ ਸ਼ਿਰਕਤ ਕੀਤੀ ਗਈ ਹੈ। ਆਮ ਅਖ਼ਬਾਰਾਂ 'ਖ਼ਾਲਿਸਤਾਨ' ਦੇ ਮਸਲੇ ਤੇ ਇਕ ਪਾਸੜ ਦਾ ਕੰਮ ਕਰਦੀਆਂ ਹਨ। ਵਾਹੇ ਕੇ ਕੁੱਝ ਉਛਾਲਣ ਸਤ ਬਦਲ ਆਮ ਪਾਠਕਾਂ ਤੱਕ ਪਹੁੰਚਾ ਦੇਣਾ ਅਜਿਹੀਆਂ ਗੋਲੀਆਂ ਅਖ਼ਬਾਰਾਂ ਦਾ ਪਰਮ ਧਰਮ ਹੁੰਦਾ ਹੈ। ਇਸ ਤਰ੍ਹਾਂ ਖ਼ਬਰਾਂ ਦੀ ਬਣਾਵਟ ਲੱਗੀ ਰਹਿੰਦੀ ਹੈ, ਰੋਗ ਦੀ ਠੀਕ ਹੁੰਦਾ ਜੇਕਰ ਵਤੀਰੇ ਦੂਰ ਦੇ ਪਾਠਕਾਂ ਦਾ ਧਿਆਨ ਇਸ ਸਵਾਲ ਵੱਲ ਦਿਵਾਇਆ ਜਾਂਦਾ: ਸਿੱਖ ਧਰਮ ਹੈ ਜਾਂ ਕੌਮ? ਪੰਜਾਬੀ ਇਕ ਕੌਮ ਹਨ ਜਾਂ ਸਿੱਖ? ਭਾਰਤ ਵਿਚ ਅੱਜ ਕਿੰਨੇ ਧਰਮ ਹਨ? ਜੇਕਰ ਇਹਨਾਂ ਸਾਰੇ ਧਰਮਾਂ ਨੂੰ ਵੱਖਰੀ ਵੱਖਰੀ ਕੌਮ ਮੰਨ ਲਿਆ ਜਾਵੇ ਅਤੇ ਇਹ ਕੌਮਾਂ ਆਪਣੀ ਆਪਣੀ ਅੱਧ ਪਚੱਧੀ ਅੱਡ ਬਣਾਉਣ ਲਈ ਅੱਡੋ ਅੱਡਰੇ ਝੰਡੇ ਉਸਾਰਨ ਲੱਗ ਪੈਣ ਤਾਂ ਜ਼ਰਾ ਸੰਜੀਦਗੀ ਨਾਲ ਸੋਚੋ ਕਿ ਭਾਰਤ ਦੇਸ਼ ਦਾ ਕੀ ਬਣੇਗਾ? ਇਕ ਗੱਲ ਹੋਰ, ਇਸ ਵੇਲੇ ਪੰਜਾਬ ਵਿਚ 52 ਫੀ ਸਦੀ ਸਿੱਖ ਹਨ ਅਤੇ ਇਹ ਸਿੱਖ ਕਈਆਂ ਸਿਆਸੀ ਪਾਰਟੀਆਂ ਨਾਲ ਸਬੰਧਤ ਹਨ। ਜਿਸ ਪਾਰਟੀ ਨੇ ਇਹ 'ਖ਼ਾਲਿਸਤਾਨੀ' ਝੰਡਾ ਚੁੱਕਿਆ ਹੈ, ਉਹ ਖ਼ੁਦ ਕੋਈ ਗੁੱਟਾਂ ਵਿਚ ਵੰਡੀ ਹੋਈ ਹੈ। ਜਦੋਂ ਸਾਡੇ ਗੁਆਂਢੀ ਸ਼ਾਸਕਾਂ ਦਾ ਸਿੰਘਾਸਨ ਡੋਲਦਾ ਹੈ ਤਾਂ ਇਸਲਾਮ ਖ਼ਤਰੇ ਵਿਚ ਪੈ ਜਾਂਦਾ ਹੈ। ਜਦੋਂ ਜਥੇ-ਦਾਰਾਂ ਦੀ ਮੰਜੀ ਦੀ ਚੂਲ ਹਿੱਲਣ ਲੱਗ ਪੈਂਦੀ ਹੈ ਤਾਂ ਪੰਥ ਖ਼ਤਰੇ ਵਿਚ ਪੈ ਜਾਂਦਾ ਹੈ, ਸੋਚ ਨੂੰ ਛਿੱਕੇ ਟੰਗ ਕੇ ਜਦੋਂ ਅਸੀਂ ਕਿਸੇ ਮਗਰ ਲੱਗ ਤੁਰਦੇ ਹਨ ਤਾਂ ਅਸੀਂ ਸਪਸ਼ਟ ਤੌਰ 'ਤੇ ਇਹ ਸਿੱਧ ਕਰ ਰਹੇ ਹੁੰਦੇ ਹਾਂ ਕਿ ਭੇਡਾਂ ਸਿਰਫ਼ ਭਾਰ ਲੱਦੀਆਂ ਹੀ ਨਹੀਂ, ਬੇ ਲੱਦੀਆਂ ਵੀ ਹੁੰਦੀਆਂ ਹਨ।

ਜੋਸ਼ੇ ਲਬਲਾਂ ਦੀ ਕਹਾਣੀ 'ਮਿਰਗ' ਦਾ ਅਨੁਵਾਦ ਕਰਨ ਲੱਗਿਆਂ ਢਲੀਆ ਢਲੀਆ ਕਰਕੇ ਗੱਲਾਂ ਗਲਾਵਾਂ ਲਾਹੁਣ ਵਾਲੀ ਗੱਲ ਕੀਤੀ ਗਈ ਹੈ।

ਸਾਰੇ ਅੰਕ ਵਿਚ ਅਣਗਿਣਤ ਅਜਿਹੇ ਸ਼ਬਦ ਮਿਲਦੇ ਹਨ ਜਿਵੇਂ ਪਰਚਾ ਤੱਸੇ ਜਾਂਦਿਆਂ ਤਿਆਰ ਕੀਤਾ ਹੋਵੇ। ਜੇਕਰ ਪਹਿਲੇ ਹਿੱਸੇ ਦੀਆਂ ਖ਼ਾਮੀਆਂ ਨੂੰ ਪਿਛਲੇ ਹਿੱਸੇ ਦੀਆਂ ਖ਼ੂਬੀਆਂ ਨਾਲ ਢੱਕਿਆ ਜਾ ਸਕਦਾ ਤਾਂ ਸਮੁੱਚੇ ਅੰਕ ਦਾ ਸਬੂਤ ਨਿਕਲ ਜਾਣਾ ਸੀ। o o o

# ਵੀਹ ਹਜ਼ਾਰ ਦੀ ਜ਼ਮਾਨਤ

ਸੰਤੋਖ ਛੀਨਾ ਐਮ. ਏ.

"ਨੀ ਤੈਨੂੰ ਕੁਝ ਪਤਾ ਏ ਬਚਨੀਏ ?"

"ਨੀ ਕਾਹਦਾ ਪਤਾ" ਅੱਗੋਂ ਹੈਰਾਨੀ ਨਾਲ ਕਰਮੀ ਨੂੰ ਉੱਤਰ ਦੇਂਦਿਆਂ ਬਚਨੀ ਨੇ ਕਿਹਾ।

"ਲੈ ਨੀ ਸਰਦਾਰਾਂ ਦਾ ਮੁੰਡਾ ਫੜ ਲੱਗ ਗਿਆ।" ਕਰਮੀ ਨੇ ਗੱਲ ਦੀ ਘੁੰਡੀ ਖੋਲ੍ਹਦਿਆਂ ਕਿਹਾ।

"ਨਾਂਹ ਨੀ ਮੈਨੂੰ ਤਾਂ ਤੈਥੋਂ ਪਤਾ ਲੱਗਿਆ। ਐਵੇਂ ਤਾਂ ਕੋਈ ਨਹੀਂ ਕਰਦੇ ਗੱਲ ਦਾ। ਭਲਾ ਕਿਸੇ ਕੋਈ ਲਿੱਲ੍ਹ ਚੋਰੀ ਮਾਰ ਦੇਈ ਹੈ।"

ਬਚਨੀ ਨੇ ਗੱਲ ਦੀ ਲੜੀ ਤੋਰਦਿਆਂ ਕਿਹਾ। ਪਾਸੀਆਂ ਪੱਖਰੀਆਂ ਗੁਆਂਢਣਾਂ ਨੇ ਆਪਣੀ ਗਲਬਾਤ ਦਾ ਵਿਸ਼ਾ ਬਦਲਣਾ ਹੀ ਸੋਚਿਆ। ਇਹਨੀ ਵਿਹਨੀ ਤੁਰੀ ਜਾਂਦੀ ਗਾੜ੍ਹੋ ਨੂੰ ਵੀ ਅਵਾਜ਼ ਮਾਰ ਕੇ ਕਰਮੀ ਨੇ ਰੋਕ ਲਿਆ ਅਤੇ ਅੱਗੋਂ ਉਸਨੂੰ ਵੀ ਉਹੋ ਹੀ ਸਵਾਲ ਪੁੱਛਿਆ।

"ਹਾਂ ਨੀ ਤੈਨੂੰ ਉਹਨੂੰ ਤਾਂ ਪਹਿਲੇ ਨੂੰ ਵੀ ਇਸ ਸੰਗਰਾਂਦ ਨੂੰ ਮਹੀਨਾ ਹੋ ਜਾਣਾ ਹੈ। ਸਰਦਾਰਨੀ ਨੇ ਮੇਰੇ ਨਾਲ ਗੁਆਂਢੋਂ ਹੋ ਕਰਕੇ ਗੱਲ ਕੀਤੀ ਸੀ। ਹਾਲੇ ਪਿਛਲੇ ਹਫਤੇ ਹੀ ਤਾਂ ਉਹਦੀ ਤਾਰ ਆਈ ਏ ਕਿ ਫੀਰ ਫੜ ਪੁੱਜ ਗਿਆ ਹੈ। ਲੈ ਨੀ। ਕੇਸ ਉਹਦਾ ਵੀਹ ਹਜ਼ਾਰ ਰੁਪਈਆ ਦੀ ਆਇਆ।"

"ਲੈ ਨੀ ਸੱਚੀਂ?" ਬਚਨੀ ਨੇ ਹੈਰਾਨੀ ਨਾਲ ਗਾੜ੍ਹੋ ਨੂੰ ਪੁੱਛਿਆ।

"ਹਾਂ ਬਚਨੀਏ! ਸਰਦਾਰਨੀ ਨੇ ਮੈਨੂੰ ਸੌਂਹ ਚੁਕਾਈ ਸੀ ਕਿ ਕਿਸੇ ਨਾਲ ਗੱਲ ਨਾ ਕਰੀਂ। ਮੈਂ ਤੁਹਾਡੇ ਨਾਲ ਹੀ ਗੱਲ ਕੀਤੀ ਹੈ। ਸਰਦਾਰਨੀ ਤਾਂ ਪਾਣੀ ਹੀ ਨਹੀਂ ਪੀਣ ਦਿੰਦੀ, ਕਹਿੰਦੀ ਏ ਕਿ ਜਿਹੜਾ ਪੈਸਾ ਉਸ ਖੱਟਿਆ ਉਹ ਨਾਲ ਲੈ ਕੇ ਗਿਆ ਸੀ"।

ਗਾੜ੍ਹੋ ਨੇ ਅੱਗੋਂ ਹੋਰ ਤੋੜ ਜੋੜਦਿਆਂ ਕਿਹਾ "ਲੈ ਨੀ, ਮੈਨੂੰ ਅੱਗੋਂ ਐਮੇਂ ਠਗਣੀ ਕਹਿੰਦੀ, ਮੁੰਡਾ ਪਕੜ ਗਿਆ ਏ ਕਿਸੇ ਜਹਾਜ਼ ਅੰਦਰ ਉਥੇ ਹੀ ਰਹਿੰਦਾ ਹੈ।" ਬਚਨੀ ਨੇ ਗੱਲ ਦਾ ਉਲਾਂਭਾ ਲਾਹੁੰਦਿਆਂ ਕਿਹਾ।

"ਹੋਰ ਨੀ ਭਲਾ ਹੁਣੇ ਉਸ ਨਵੇਂ ਜਹਾਜ਼ ਵਾਲੇ ਟਿਕਟ ਦਾ।

ਲੈ ਨੀ ਕੈਹਦਾ ਮੁੰਡਾ ਸਿੱਧਾ ਫੜ ਲਾ ਦਿੱਤਾ ਪਰ ਪੈਸਾ ਜਿਹੜੇ ਦਾ ਕਹਿੰਦੇ ਲੱਗਾ।" ਗਾੜ੍ਹੋ ਨੇ ਅੱਗੋਂ ਦੱਸਿਆ।

"ਹੋਰ ਨੀ ਤਾਂ ਕੀ ਹੋਇਆ। ਪੈਸੇ ਲੱਗ ਕੇ ਹੀ ਗੱਲ ਬਣਦੀ ਏ। ਸਭ ਗਈ ਐਂਗੀ ਤਾਂ ਕਿਸਮਤ। ਮੈਨੂੰ ਤਾਂ ਏ ਬਾਲ ਤੇ ਗਏ ਮੇਲੇ ਦੇ ਭਾਈਏ ਨੂੰ ਪਿਟਦੀ ਹਾਂ ਕਿ ਤੂੰ ਵੀ ਜਿਹੜੇ ਜ਼ਮੀਨ ਦਾ ਮਾਲਕ ਹੈਂ ਅੱਗ ਲਾ ਦੇ, ਫੂਕ ਦੇ ਅਤੇ ਪੱਲ ਦੇ ਮੁੰਡੇ ਨੂੰ ਭੇਜਦਾ। ਆਪਾਂ ਵੀ ਐਸ਼ਾਂ ਲੁੱਟ ਕੇ ਦੇਖ ਲਈਏ। ਉਹਦੇ ਤਾਂ ਤੈਨੂੰ ਕੰਨ ਉੱਤੇ ਜੂੰ ਵੀ ਨਹੀਂ ਸਰਕਦੀ। ਖੌਰੇ ਉਹਨੂੰ ਤਾਂ ਦਾਰੂ ਦੀ ਹੀ ਅੱਗ ਲੱਗੀ ਰਹਿੰਦੀ ਹੈ। ਅੱਗੋਂ ਕਹਿਣ ਲੱਗ ਪੈਂਦਾ ਹੈ ਨੀ ਪਾਗਲਾਂ ਵਾਂਗੂ ਕਿ ਏਜੰਟ ਧੋਖਾ ਵੀ ਬਹੁਤ ਕਰਦੇ ਏ। ਪੈਸਾ ਲੈ ਕੇ ਭਿੱਜਰ ਹੋ ਜਾਂਦੇ ਹਨ। ਫਿਰ ਫੜ ਲੱਗਦਾ ਵੀ ਨਹੀਂ। ਕਰਮੀ ਨੇ ਸਾਰੀਆਂ ਗੱਲਾਂ ਵਿੱਚ ਦਾ ਖੋਲ ਹੌਲਾ ਕਰਦਿਆਂ ਦਸ ਦਸ ਕਢ ਦਿੱਤੀਆਂ।

"ਲੈ ਨੀ ਖਸਮ ਤੇਰਾ ਸੱਚਾ ਏ। ਸੁਣਿਆ ਤੂੰ ਨਵਾਂ ਜਹਾਜ਼ ਦਾ ਟਿਕਟ ਖਰਚਾਂ- ਵੀਹ ਮੁੰਡੇ ਗਏ ਸੀ ਲਈ ਤਿਆਰ ਕਰਕੇ ਲੈ ਗਿਆ, ਲੋਕਾਂ ਵਿਚਾਰਿਆਂ ਜ਼ਮੀਨਾਂ ਫੂਕ ਕੇ ਲੱਖ ਲੱਖ ਹਜ਼ਾਰ ਉਹਦੇ ਮੱਥੇ ਮਾਰਿਆ। ਸਾਰੀ ਕੌਮ ਇਕੱਠੀ ਕਰਕੇ ਨੀ ਭੈਣੇ। ਖਸਮ ਨੂੰ ਖਾਣਾ ਬੈਠੇ ਲੈ ਕੇ ਭਿੱਜਰ ਹੋਇਆ। ਉਹ ਤੱਕ ਨਹੀਂ ਸੱਕਿਆਂ। ਸੁੱਤਿਆਂ ਵਿਚਾਰਿਆਂ ਨੇ ਹੋਟਲਾਂ ਦੇ ਭਾੜੇ ਮੰਗ ਕੇ ਕਰਾਇਆ ਕੀਤਾ, ਤਾਂ ਘਰ ਪੁੱਜੇ। ਉਹ ਤੇ ਏ ਵਿਹੜੇ ਨੇ ਉਹਦੀ ਜਿਮਾਨੀ ਦੀ ਗੱਲ ਨੂੰ।" ਗਾੜ੍ਹੋ ਨੇ ਹੌਂਸਲਾ ਦਿੰਦਿਆਂ ਕਿਹਾ।

ਤੈਨੂੰ ਪਤਾ ਨੀ, ਆਪਣੇ ਪਿੰਡ ਦਾ ਉਹ ਗਰੇਵਾਲ ਕੁਕਾਂ ਦਾ ਮੁੰਡਾ ਵੀ ਉਹਨਾਂ ਵਿਚੋਂ ਸੀ ਸੁਣਿਆ ਵਿਚਾਰਾ ਕਿਨਾ ਸੋਹਣਾ ਸਰਦਾਰ ਲੱਗਦਾ ਸੀ। ਲੋਕ ਗੁਰਦੁਆਰੇ ਪਾਠ ਕਰਦਾ ਸੀ, ਲੈ ਨੀ ਉਹ ਤਾਂ ਖਪਾਇਆਂ ਹੀ ਨਹੀਂ ਜਾਂਦਾ। ਦੂਰੋਂ ਤੁਰਿਆ ਆਉਂਦਾ ਤਾਂ ਇੰਜ ਅਫਸਰਾਂ ਦਾ ਛੋਹਰ ਲੱਗਦਾ ਹੈ।" ਬਚਨੀ ਨੇ ਗੱਲ ਨੂੰ ਅੱਗੋਂ ਤੋਰਦਿਆਂ ਕਿਹਾ।

ਲੈ ਨੀ ਜਿਹੜਾ ਫੜ ਲੱਗ ਗਿਆ ਉਹਦੀਆਂ ਤਾਂ ਕੁਲਾਂ ਤਰ ਗਈਆਂ। ਸੁਣਿਆ ਉਥੇ ਤਾਂ ਨੋਟ ਦਾਬਤਾਂ ਨਾਲ ਲੱਗਦੇ ਹਨ। ਮੈਂ ਤੇ ਤਕੇਂ ਦੀ ਭਾਬੋ ਨੇ ਦੱਸਿਆ ਕਿ ਨੀ ਇਕ ਡਿਟਡਿਟੀ ਦਾਸਾ ਤਾਈ ਆਉਂਦਾ ਹੈ। ਹਰ ਮਹੀਨੇ ਪੰਜ ਹਜ਼ਾਰ ਭੇਜ ਕੇ ਇੱਕਠ ਹੁੰਦਾ ਹੈ। ਉਹ ਤਾਂ ਪਿੱਛਾ ਵੀ ਮੁੜ ਕੇ ਨਹੀਂ ਵੇਖਦਾ। ਹਾਲੇ ਉਹਨਾਂ ਦਾ ਮੁੰਡਾ ਗਰਮੀਆਂ ਵਿੱਚ ਗਿਆ ਸੀ। ਪੈਸਾ ਹੀ ਪੈਸਾ ਕਰ ਦਿੱਤਾ ਮੁੰਡੇ ਨੇ। ਉਕਾਬ ਤੋਂ ਤਾਂ ਦਿਨਾਂ ਦੀ ਹੋਏ। ਕਰਮੀ ਨੇ ਹੌਕਾ ਭਰਦਿਆਂ ਗੱਲ ਖਤਮ ਕੀਤੀ।

ਐਨੇ ਨੂੰ ਮਸੀਤੋਂ ਅੱਧੀ ਛੁੱਟੀ ਦੀ ਘੰਟੀ ਵੱਜੀ। ਚੌਕੇ ਤੇ ਆਪਣੇ ਘਰਾਂ ਨੂੰ ਆਉਂਦੇ ਸਭ ਉੱਠ ਇੱਕਠ ਵੇਖ ਕੇ ਖਲੋ ਗਏ।

ਦਰ ਅਸਲ ਸਰਦਾਰਾਂ ਦਾ ਮੁੰਡਾ ਵਿਚਾਰਾ ਬਦਕਿਸਮਤੀ ਨਾਲ ਸਰਹੱਦ ਤੋਂ ਫਰਕੇ ਫੜਿਆ ਗਿਆ, ਅਤੇ ਵਾਪਸ ਵਤਨ ਭੇਜ ਦਿੱਤਾ।

ਬਾਕੀ ਸਫਾ ੨੫ ਤੇ

# Inflation-resistant Insurance

BUS: 682-7531

RES: 254-5837



Sudesh Kalia

**"I've got a plan to help you build a better tomorrow."**

REDUCE YOUR INCOME TAX AND BUILT A GUARANTEED PENSION

MAKE THAT CALL NOW

**NORTH AMERICAN LIFE**

1010-1090 West Georgia St., Vancouver,


## ਚੋਰ ਮਿਲੇ — ਜਸਵੰਤ ਦੇਵਨ

ਜ਼ਿੰਦਗੀ ਵਿਚ ਇਮਾਨਦਾਰੀਆਂ ਤਾਂ ਹੀ ਬਚੀ
ਜਿਹੜੇ ਰੁਕਦੇ ਚੋਰਾਂ ਡਾਕੂਆਂ ਨੂੰ
ਇਤਿਹਾਸ ਦੇ ਪੰਨਿਆਂ 'ਚੋਂ ਟੋਲੀਆਂ
ਅੱਖਾਂ ਤੇ ਕੁਰਸੀਆਂ ਆਕੜਿਆ ਕਰ ਦਿੱਤੀ ਹੋਵੇਗੀ।
ਕਰ ਦੇਖ,
ਤੂੰ ਕਸ਼ਮੀਰ 'ਚ
ਮੱਠੀਆਂ ਦੀ ਭਾਵ ਕਰਕੇ
ਰੁਕਾ ਇਕ ਰਹਾਂ ਦੀ ਮਿਸਾਲ ਹੋਵੇਗੀ
ਜਿਵੇਂ ਅੱਖਾਂ ਹੁੰਦਾ ਹੈ.
ਜਿਵੇਂ ਚੋਰਾਂ ਅੱਖਾਂ 'ਚ.
ਰੁਕਾਂ ਵਾਲੇ ਚਹੀਰ ਰਗੜਿਆਂ.
ਗਰਦਸ਼ ਤੋਂ ਚਲਾਈ ਤੱਕਦ,
ਕੁਝ ਉਹ ਹੀ ਤਾਂ ਹੁੰਦੇ ਨੇ,
ਜਿਹੜੇ ਆਪਣੀਆਂ ਗਲੀਆਂ ਦੇ,
ਪਿਆਰਾਂ ਦੇ ਪਹਾੜ ਉੱਚ ਕੈਦੇ ਨੇ,
ਤਾਰੇ ਲਈ ਤਾਂ ਜਿਵੇਂ ਪਾਤਰ,
ਇੱਕ ਹੋਰ ਤਰਨਾ ਹੀ ਭਾਰਾ ਹੈ,
ਇਹ ਜ਼ਰੂਰੀ ਨਹੀਂ ਕਿ,
ਪਿਆਰ ਕਰਕੇ ਤੁਸੀਂ ਆਪਣੇ,
ਦੇਸ ਪਰਤਾ, ਮੁੜਕਾਂ ਪਾ,
ਜੀਤੇ ਜੀਤੇ ਪੁਗਾਰਦੇ ਫਿਰੋ,
ਜ਼ਰੂਰੀ ਨਹੀਂ ਕਿ ਕਿਸੇ ਦੀ
ਪਿਆਰ ਰੁਤੇ ਇਸ ਨੂੰ,
ਅੱਖੋਂ ਓਹਰ ਆਰ,
ਅੱਖਾਂ ਅੱਟ ਦੇ,
ਦੇ ਮੰਜਿਲੇ ਹੀ,
ਤੁਰੀ ਜਾਊ,
ਤੁਰੀ ਜਾਊ
ਤੇ ਧੱਕ ਤੁਰੀ ਜਾਊ।

## ਗ਼ਜ਼ਲ — ਸਾਗਰ ਸਿੰਘ ਤਰਸ

ਤੱਕੇ ਹਰ ਪਾਸੇ ਕਹਿਰ ਹੋ ਗਿਆ ਹੈ।
ਜੋ ਲੋਕੀਂ ਉਦਾਸੇ ਕਹਿਰ ਹੋ ਗਿਆ ਹੈ।
ਪਤਾ ਨਹੀਂ ਹੁੰਦੇ ਅਸਲ ਲੋਕ ਭੁੱਖੇ
ਹੁੰਦੇ ਕੀਹ ਪਿਆਸੇ ਕਹਿਰ ਹੋ ਗਿਆ ਹੈ।
ਮਹਿੰਗਾਈ ਦੀ ਜੋ ਭੁੱਖ ਤਲਵਾਰ ਫੇਰਾਂ,
ਗਰੀਬੀ ਅਗਾਸੇ ਕਹਿਰ ਹੋ ਗਿਆ ਹੈ।
ਚੰਦੇ ਦਾ ਚੰਦਾ ਹੀ ਚੜ੍ਹਿਆ ਹੈ ਕੈਸੀ,
ਜੋ ਇਹਦੇ ਤਮਾਸ਼ੇ ਕਹਿਰ ਹੋ ਗਿਆ ਹੈ।
ਇੱਕਤ ਦੇ ਨਾਲੋਂ ਹੀ ਇੱਕਤ ਨੂੰ ਕੁੱਟਦ,
ਕਦੀ ਦੇ ਦੇ ਕੇ ਝਾਂਸੇ ਕਹਿਰ ਹੋ ਗਿਆ ਹੈ।
ਗਰੀਬਾਂ ਦੀ ਰੱਤ ਦੇ ਜਾ ਅੱਖੇ ਤੇ ਇੱਟੇ,
ਹੁੰਦੇ ਅਰਦਾਸੇ ਕਹਿਰ ਹੋ ਗਿਆ ਹੈ।
ਇਮਰਤ ਕਿਸੇ ਦੀ ਕਮਾਈ ਕਿਸੇ ਦੀ,
ਕੋਈ ਦੰਡੇ ਪਤਾਸੇ ਕਹਿਰ ਹੋ ਗਿਆ ਹੈ।
ਸਦਾ ਝੂਠ ਅੱਗੇ ਜਾਂ ਸੱਚ [illegible] ਹੈ ਹੀਰਤ,
ਜਿਥੋਂ ਤੋਲੇ ਤੇ ਮਾਸੇ ਕਹਿਰ ਹੋ ਗਿਆ ਹੈ।
ਖ਼ਤੂੰ ਇਕ ਕਾਲਾ ਕਰਨਾਂ 'ਚ ਆਕੜ ਹੀ,
ਪੁਕਦੇ ਇਮਾਸੇ ਕਹਿਰ ਹੋ ਗਿਆ ਹੈ।
ਹੈ ਇਕ ਪਾਸੇ ਇਰਜ਼ੀਆਂ ਦਾ ਅਸਰ ਤੇ ਦੂਜੇ,
ਸਦਾਕਾਂ ਦੇ ਹਾਸੇ ਕਹਿਰ ਹੋ ਗਿਆ ਹੈ।
ਜਾਂ ਆਪਣੀ ਹੀ ਇਮਰਤ ਜਾਂ ਅੱਗੀ ਜਿਮਾਉਂਦੀ,
ਤਰ ਕੌਣ ਕਾਸੇ ਕਹਿਰ ਹੋ ਗਿਆ ਹੈ।
ਹੈ ਸੱਚੇ ਦੀ ਕੌਣੀ ਨੂੰ ਜਾ ਅੱਗ ਲਗੀਆਂ
ਇਹ ਦੇਖੇ ਤਮਾਸ਼ੇ ਕਹਿਰ ਹੋ ਗਿਆ ਹੈ।
ਹੈ, ਕੋਈ ਐਸਾ 'ਤਰਸ' ਦੇਖਿਆਂ ਨੂੰ
ਦੇਵੇ ਦਿਲਾਸੇ ਕਹਿਰ ਹੋ ਗਿਆ ਹੈ।


## ਭਾਰਤੀ ਆਰਟ ਜਿਊਲਰਜ਼



**BHARTI ART JEWELLERS**

RASIK PAREKH
Res.: 879-5610
Store: 874-9400
[illegible] Kingsway nr. Fraser
Vancouver B.C., Canada



ਮਿੰਨੀ ਕਹਾਣੀਆਂ ਦੀ ਪਹਿਲੀ ਪੱਤਰਕਾ

**ਅਣੂ**

ਸੰਪਾਦਕ:

ਸੁਰਿੰਦਰ ਕੈਲੇ     ਮਹਿੰਦਰ ਕਰਨ

ਇਕ ਅੰਕ: 50 ਪੈਸੇ ਸਾਲਾਨਾ ਚੰਦਾ: 5 ਰੁਪਏ

?- ਡੀ, ਸਰਾਭਾ ਨਗਰ,

ਲੁਧਿਆਣਾ - 14001

# ਕਨੇਡਾ ਦੇ ਖੇਤ-ਮਜ਼ਦੂਰ

— ਸਾਧੂ ਬੈਂਸ

ਕਨੇਡਾ ਵਿੱਚ ਰੈੱਡ ਇੰਡੀਅਨਜ਼ ਨੂੰ ਛੱਡਕੇ ਬਾਕੀ ਸਾਰੇ ਲੋਕ ਪ੍ਰਦੇਸੀ ਹਨ। ਕੁੱਝ ਲੋਕ ਥੋੜ੍ਹੀ ਦੇਰ ਪਹਿਲਾਂ ਆ ਗਏ ਅਤੇ ਕੁੱਝ ਥੋੜ੍ਹੀ ਦੇਰ ਬਾਅਦ। ਦੂਜੇ ਦੱਖਣੇ ਮੁਲਕਾਂ ਵਿਚੋਂ ਆਕੇ ਕਨੇਡਾ ਵਿੱਚ ਵਸੇ ਹੋਏ ਲੋਕਾਂ ਦੀ ਬਹੁਗਿਣਤੀ ਗੋਰੇ ਲੋਕਾਂ ਦੀ ਹੈ।

ਘੱਟ ਗਿਣਤੀ ਲੋਕਾਂ ਨੂੰ, ਖਾਸ ਕਰਕੇ ਰੰਗਦਾਰ ਲੋਕਾਂ ਨੂੰ, ਆਮ ਤੌਰ 'ਤੇ ਲੱਕੜੀ ਮਿਲਾਂ, ਫੈਕਟਰੀਆਂ, ਟੈਕਸੀ ਚਲਾਉਣ ਜਾਂ ਫਾਰਮਾਂ ਵਿੱਚ ਹੀ ਕੰਮ ਮਿਲਦਾ ਹੈ। ਇਸਦਾ ਸੱਭ ਤੋਂ ਵੱਡਾ ਕਾਰਣ ਹੈ - ਨਸਲਵਾਦ।

ਇਸੇ ਕਾਰਣ ਬੀ.ਸੀ. ਦੀ ਫਰੇਜ਼ਰ ਵੈਲੀ ਦੇ ਫਾਰਮਾਂ ਵਿੱਚ ਬਹੁ-ਗਿਣਤੀ ਭਾਰਤੀ, ਅਤੇ ਚੀਨੇ ਲੋਕਾਂ ਦੀ ਹੈ। ਫਾਰਮਾਂ ਦਾ ਕੰਮ, ਬਾਕੀ ਸਾਰੇ ਕੰਮਾਂ ਦੇ ਮੁਕਾਬਲੇ ਵਿੱਚ ਬਹੁਤ ਸਖ਼ਤ ਹੈ। ਨਾ-ਮਾਤਰ ਤਨਖਾਹ ਉੱਪਰ 12-12 ਘੰਟੇ ਖੇਤਾਂ ਵਿੱਚ ਕੰਮ ਕਰਨਾ ਆਮ ਗੱਲ ਹੈ। ਪਰ ਖੇਤ ਮਜ਼ਦੂਰ ਦੀ ਲੁੱਟ ਖਸੁੱਟ ਵੀ ਬਾਕੀ ਸਾਰੇ ਮਜ਼ਦੂਰਾਂ ਨਾਲੋਂ ਵੱਧ ਹੁੰਦੀ ਹੈ। ਕਈ ਸੂਬਿਆਂ ਵਿੱਚ ਤਾਂ ਉਹਨਾਂ ਨੂੰ ਜਥੇਬੰਦ ਹੋਣ ਦਾ ਹੱਕ ਵੀ ਨਹੀਂ ਹੈ।

ਬਾਕੀ ਖੇਤਰਾਂ ਵਿੱਚ ਮਜ਼ਦੂਰਾਂ ਨੂੰ ਜੋ ਮੁੱਢਲੇ ਹੱਕ ਸਾਲਾਂ ਤੋਂ ਪ੍ਰਾਪਤ ਹਨ, ਉਹਨਾਂ ਲਈ ਖੇਤ ਮਜ਼ਦੂਰ ਨੂੰ ਅੱਜ ਵੀ ਜਦੋਜਹਿਦ ਕਰਨੀ ਪੈ ਰਹੀ ਹੈ। ਬੀ.ਸੀ. ਵਿੱਚ ਖੇਤ-ਮਜ਼ਦੂਰਾਂ ਨੂੰ ਪਿਛਲੇ ਕਈ ਸਾਲਾਂ ਤੋਂ ਜਥੇਬੰਦ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਪਰ ਜਥੇਬੰਦਕ ਤੌਰ 'ਤੇ ਖੇਤ ਮਜ਼ਦੂਰਾਂ ਦੀ 1979 ਵਿੱਚ ਪਹਿਲੀ ਵਾਰ ਜਥੇਬੰਦੀ ਬਣੀ। 1979 ਵਿੱਚ ਬਣੀ ਇਕ ਫਾਰਮਵਰਕਰਜ਼ ਜਥੇਬੰਦਕ ਕਮੇਟੀ (FWOC) ਨੇ ਖੇਤ ਮਜ਼ਦੂਰਾਂ ਨੂੰ ਸਿਆਸੀ ਅਤੇ ਸਮਾਜੀ ਪੱਖੋਂ ਆਪਣੇ ਹੱਕ ਲੈਣ ਲਈ ਅਤੇ ਆਪਣੀ ਯੂਨੀਅਨ ਬਣਾਉਣ ਲਈ ਤਿਆਰ ਕੀਤਾ। ਸਾਲ ਭਰ ਦੀ ਅਣਥੱਕ ਮਿਹਨਤ ਦੇ ਨਤੀਜੇ ਵਜੋਂ 6 ਅਪਰੈਲ 1980 ਨੂੰ ਕਨੇਡਾ ਦੇ ਇਤਿਹਾਸ ਵਿੱਚ ਪਹਿਲੀ ਵਾਰ **ਕਨੇਡੀਅਨ ਫਾਰਮਵਰਕਰਜ਼ ਯੂਨੀਅਨ (CFU)** ਦੀ ਸਥਾਪਨਾ ਹੋਈ।

ਪਿਛਲੇ ਇਕ ਸਾਲ ਵਿੱਚ ਕਨੇਡੀਅਨ ਫਾਰਮਵਰਕਰਜ਼ ਯੂਨੀਅਨ (CFU) ਨੇ ਕੀ ਕੀ ਜਿੱਤਾਂ ਪ੍ਰਾਪਤ ਕੀਤੀਆਂ ਅਤੇ ਇਸਨੂੰ ਅੱਜਕਲ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਇਹ ਅਸੀਂ ਆਉਣ ਵਾਲੇ ਅੰਕਾਂ ਵਿੱਚ ਲੜੀਵਾਰ ਲਿਖਣ ਦਾ ਯਤਨ ਕਰਾਂਗੇ।

## ਫਾਰਮਵਰਕਰਾਂ ਲਈ ਸੂਚਨਾ

ਕਨੇਡੀਅਨ ਫਾਰਮਵਰਕਰਜ਼ ਯੂਨੀਅਨ ਵਲੋਂ ਆਪਣੇ ਸਾਰੇ ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ, ਕਿ ਜਿਨ੍ਹਾਂ ਮੈਂਬਰਾਂ ਨੇ ਆਪਣਾ ਚੰਦਾ ਅਜੇ ਤੱਕ ਯੂਨੀਅਨ ਨੂੰ ਨਹੀਂ ਭੇਜਿਆ ਉਹ 15 ਤਾਰੀਖ਼ ਤੋਂ ਪਹਿਲਾਂ ਪਹਿਲਾਂ ਯੂਨੀਅਨ ਦੇ ਦਫ਼ਤਰ ਡਾਕ ਰਾਹੀਂ ਜਾਂ ਖੁਦ ਆਕੇ ਜਮ੍ਹਾਂ ਕਰਵਾ ਦੇਣ। ਚੰਦਾ ਨਾ ਦੇਣ ਵਾਲੇ ਮੈਂਬਰਾਂ ਦੀ ਮੈਂਬਰਸ਼ਿਪ ਖ਼ਤਮ ਹੋ ਜਾਵੇਗੀ। ਸਾਲ ਭਰ ਦਾ ਕੁੱਲ ਚੰਦਾ 60 ਡਾਲਰ ਹੈ। ਤੁਸੀਂ ਮਹੀਨੇ ਦੇ ਮਹੀਨੇ ਜਾਂ ਸਾਰੇ ਦਾ ਸਾਰਾ ਚੰਦਾ ਇਕੱਠਾ ਦੇ ਸਕਦੇ ਹੋ।

ਹੋਰ ਜਾਣਕਾਰੀ ਲਈ ਫੋਨ ਕਰੋ: 430-6055

4730 ਇੰਪੀਰੀਅਲ ਸਟਰੀਟ, ਬਰਨਬੀ, ਬੀ.ਸੀ.

ਪੰਜਾਬੀ ਲਿਟਰੇਰੀ ਐਸੋਸੀਏਸ਼ਨ•

PUNJABI LITERARY ASSOCIATION • P.O. BOX 67744 • VANCOUVER, B.C., CANADA V5W 3V2

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਆਫ਼ ਵੈਨਕੂਵਰ ਦੀ ਮੀਟਿੰਗ 21 ਜੂਨ 1981 ਨੂੰ 1350 EAST 27TH AVE. VANCOUVER ਵਿਖੇ ਬਾਅਦ ਦੁਪਿਹਰ ਦੋ ਵਜੇ ਸ਼ੁਰੂ ਹੋਈ ਜਿਸ ਵਿਚ ਬਾਰਾਂ ਕੁ ਦੇ ਕਰੀਬ ਲਿਖਾਰੀਆਂ ਅਤੇ ਸਾਹਿਤ ਪ੍ਰੇਮੀਆਂ ਨੇ ਹਿੱਸਾ ਲਿਆ। ਸਾਧੂ ਅਤੇ ਸੁਖਵੰਤ ਹੁੰਦਲ ਨੇ ਕਹਾਣੀਆਂ ਪੜ੍ਹੀਆਂ। ਇਹ ਦੋਹਾਂ ਕਹਾਣੀਆਂ ਦੇ ਹੀ ਥੀਮ ਐਸੇ ਸਨ ਜੋ ਕਿ ਇੱਥੋਂ ਦੇ ਆਮ ਜੀਵਨ ਨਾਲ ਸਬੰਧਤ ਸਨ। ਸੁਖਵੰਤ ਹੁੰਦਲ ਨੇ ਇਕ ਬੇਬੀ ਸਿਟਰ ਨੂੰ ਆਪਣੀ ਕਹਾਣੀ ਦਾ ਆਧਾਰ ਬਣਾਇਆ ਹੈ, ਉਸ ਨੂੰ ਵਿਤਕਰਿਆਂ ਮੁਸ਼ਕਲਾਂ ਅਤੇ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਫਿਰ ਉਸ ਨੇ ਆਪਣੇ ਵਲੋਂ ਹੱਲ ਤੇ ਹੱਲ ਕਲਾਮਈ ਢੰਗ ਨਾਲ ਪੇਸ਼ ਕਰਨ ਦਾ ਯਤਨ ਕੀਤਾ। – ਇਸੇ ਤਰ੍ਹਾਂ ਸਾਧੂ ਦੀ ਕਹਾਣੀ ਦਾ ਵੀ ਸਬੰਧ ਆਮ ਜੀਵਨ ਤੋਂ ਹੀ ਹੈ। ਇਸ ਕਹਾਣੀ 'ਚ ਉਸ ਨੇ ਸਮਾਜਿਕ ਸਚਾਈਆਂ ਨੂੰ ਉਘਾੜਨ ਦਾ ਯਤਨ ਕੀਤਾ ਹੈ। ਕਿਵੇਂ ਇਥੇ ਦੀ ਨੌਜੁਆਨ ਪੀੜ੍ਹੀ ਨਸ਼ਿਆਂ ਅਤੇ ਕਾਮ 'ਚ ਗ਼ਰਕੀ ਪਈ ਹੈ।

ਮੰਗਾ ਬਾਸੀ ਅਤੇ ਮੱਘਰ ਟੁੱਟ ਨੇ ਆਪਣੀਆਂ ਕਵਿਤਾਵਾਂ ਪੜ੍ਹੀਆਂ। ਬਾਅਦ 'ਚ ਅਮਰਜੀਤ ਸੂਫ਼ੀ ਨੇ ਇਕ ਆਰਟੀਕਲ "ਸਾਹਿਤਕਾਰ ਦਾ ਸੁਭਾਅ" ਪੜ੍ਹਿਆ। ਜਿਸ ਬਾਰੇ ਸਰੋਤਿਆਂ ਦੇ ਵੱਖੋ ਵੱਖਰੇ ਵਿਚਾਰ ਸਨ। ਜਰਨੈਲ ਸਿੰਘ ਦਾ ਵਿਚਾਰ ਸੀ ਕਿ ਲੇਖ 'ਚ ਖਿਲਾਰਾ ਬਹੁਤ ਹੈ: ਸੂਫ਼ੀ ਅਸਲੀ ਗੱਲ ਨੂੰ ਮੁੱਢੋਂ ਫੜਨ ਤੋਂ ਅਸਮਰਥ ਰਿਹਾ ਹੈ। ਜਿਵੇਂ ਅਸਮੋਰ ਦੇ ਖ਼ਿਆਲ 'ਚ ਲੇਖ 'ਚ ਜਾਣਕਾਰੀ ਹੀ ਇਕੱਤਰ ਕੀਤੀ ਹੋਈ ਹੈ ਲੇਖਕ ਦਾ ਕੋਈ ਆਪਣਾ ਪ੍ਰਭਾਵ ਪ੍ਰਗਟਾਉਂਦ ਨਹੀਂ ਕਰਦਾ।

o o o o o o o o

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਆਫ਼ ਵੈਨਕੂਵਰ ਦੀ ਮੀਟਿੰਗ 26 ਜੁਲਾਈ 1981 ਨੂੰ ਜਰਨੈਲ ਸਿੰਘ ਦੇ ਘਰ ਵੈਨਕੂਵਰ ਬਾਅਦ ਦੁਪਹਿਰ ਦੋ ਵਜੇ ਸ਼ੁਰੂ ਹੋਈ ਜਿਸ ਵਿਚ ਤਕਰੀਬਨ ਦਰਜਨ ਕੁ ਸਾਹਿਤ ਪ੍ਰੇਮੀਆਂ ਅਤੇ ਲਿਖਾਰੀਆਂ ਹਿੱਸਾ ਲਿਆ। ਸਭ ਤੋਂ ਪਹਿਲਾਂ ਸਭਾ ਦੇ ਪ੍ਰਧਾਨ ਜਰਨੈਲ ਸਿੰਘ ਨੇ ਦੱਸਿਆ ਕਿ ਚਾਰ ਪੁਸਤਕਾਂ "ਕੈਨੇਡਾ ਦੀ ਪੰਜਾਬੀ ਕਵਿਤਾ" (ਸਾਹਿਤ ਸਭਾ ਵਲੋਂ ਪ੍ਰਕਾਸ਼ਤ) ਉਹਨਾਂ ਵੈਨਕੂਵਰ ਦੀਆਂ ਵਿੱਚ ਵੱਖੋ ਵੱਖਰੀਆਂ ਲਾਇਬ੍ਰੇਰੀਆਂ ਨੂੰ ਦੇਈਆਂ ਹਨ। ਪਹਿਲੀਆਂ ਮੀਟਿੰਗਾਂ ਵਿਚ ਸਭਾ ਦਾ ਇਹ ਸਾਂਝਾ ਫ਼ੈਸਲਾ ਸੀ ਕਿ ਕਿਸੇ ਵੀ ਲਾਇਬ੍ਰੇਰੀ ਨੂੰ ਮੁਫ਼ਤ ਪੁਸਤਕ ਨਹੀਂ ਦੇਣੀ। ਹਾਜ਼ਰ ਮੈਂਬਰਾਂ ਜਰਨੈਲ ਸਿੰਘ ਦੇ ਇਸ ਉੱਦਮ ਦੀ ਸ਼ਲਾਘਾ ਕੀਤੀ।

ਮੱਘਰ ਸਿੰਘ ਟੁੱਟ; ਮੰਗਾ ਸਿੰਘ ਬਾਸੀ; ਮਹਿੰਦਰ ਸਿੰਘ ਕੁਮਾਰ ਅਤੇ ਜਰਨੈਲ ਸਿੰਘ ਨੇ ਆਪੋ ਆਪਣੀਆਂ ਨਵੀਆਂ ਕਵਿਤਾਵਾਂ ਸੁਣਾਈਆਂ, ਜਿਹਨਾਂ ਤੇ ਭਰਵੀਂ ਆਲੋਚਨਾਤਮਕ ਬਹਿਸ ਹੋਈ। ਅਮਰੀਕ ਸਿੰਘ ਰੰਗ ਨੇ ਪਹਿਲਾਂ ਛਪ ਚੁੱਕੀ ਕਹਾਣੀ "ਪਿੱਤ ਦੀਆਂ ਵਿੱਥਾਂ" ਪੜ੍ਹੀ। – ਦਰਸ਼ਨ ਬੈਂਸ ਨੇ ਆਪਣੇ ਪਰਚੇ "ਨਵਰੰਗ" ਦੀ ਇਕ ਇਕ ਕਾਪੀ ਸਭ ਹਾਜ਼ਰ ਮੈਂਬਰਾਂ ਨੂੰ ਦਿੱਤੀ ਅਤੇ ਅਗਾਊਂ ਸਭ ਨੂੰ ਉਸ ਨੇ ਸਹਿਯੋਗ ਦੇਣ ਲਈ ਅਪੀਲ ਕੀਤੀ।

ਸਭਾ ਦੇ ਪ੍ਰਧਾਨ ਜਰਨੈਲ ਸਿੰਘ ਨੇ ਇਸਤਰੀਆਂ ਦੀ ਇਕ ਸੰਸਥਾ ਵਲੋਂ ਆਈ ਚਿੱਠੀ ਪੜ੍ਹਕੇ ਸੁਣਾਈ ਜਿਸ 'ਚ ਸਾਹਿਤ ਸਭਾ ਨੂੰ ਉਹਨਾਂ ਦੇ ਹੋ ਰਹੇ ਜਲਸੇ 'ਚ ਸ਼ਾਮਿਲ ਹੋਣ ਲਈ ਬਿਨੈ ਕੀਤੀ ਹੋਈ ਸੀ। ਇਸ ਤੇ ਮੈਂਬਰਾਂ ਦੇ ਵੱਖੋ ਵੱਖਰੇ ਵਿਚਾਰ ਸਨ ਕਿ ਸਾਹਿਤ ਸਭਾ ਨੂੰ ਉਸ ਜਲਸੇ 'ਚ ਹਿੱਸਾ ਲੈਣਾ ਚਾਹੀਦਾ ਹੈ ਕਿ ਨਹੀਂ; ਬਹੁਤੇ ਦਾ ਵਿਚਾਰ ਸੀ ਕਿ ਸ਼ਾਮਿਲ ਹੋਣਾ ਚਾਹੀਦਾ ਹੈ ਪਰ ਕਿ ਬਾਕੀਆਂ ਦੀ ਰਾਇ ਸੀ ਕਿ ਨਹੀਂ ਸ਼ਾਮਿਲ ਹੋਣਾ ਚਾਹੀਦਾ। ਇਹ ਜਥੇਬੰਦੀ ਕੀ ਹੈ?.... ਇਸ ਦਾ ਪਿਛੋਕੜ ਕੀ ਹੈ?.. ਇਸ ਨੂੰ ਚਲਾਉਂਦੇ ਕੌਣ ਹਨ?... ਜਿਸ ਕੰਮ ਦਾ ਉਹ ਨਾਹਰਾ ਦਿੰਦੇ ਹਨ, ਉਸ ਲਈ ਉਹ ਕਿੰਨੇ ਕੁ ਸੁਹਿਰਦ ਹਨ, ਜਾਂ ਫ਼ਸਲੀ ਬਟੇਰਿਆਂ ਦੀ ਤਰ੍ਹਾਂ ਲੀਡਰੀ ਚਮਕਾਉਣ ਲਈ ਹੀ ਕੋਈ ਨਾ ਕੋਈ ਬਹਾਨਾ ਲੱਭਦੇ ਹਨ?... ਜਾਂ ਇਸ ਤੋਂ ਵੀ ਵੱਧ ਇਸਤਰੀ ਸਭਾ ਦੇ ਨਾਉਂ ਥੱਲੇ ਆਪਣਾ ਕੋਈ ਜ਼ਾਤੀ ਮੁਫ਼ਾਦ ਤਾਂ ਨਹੀਂ ਪੂਰਾ ਕਰਨਾ ਲੋੜਦੇ? ਇਤਿਆਦਿਕ ਸੁਆਲ ਸਨ ਜਿਹਨਾਂ ਤੇ ਲੰਮੀ ਭਖਵੀਂ ਬਹਿਸ ਹੋਈ। ਅੰਤ ਹਾਜ਼ਰ ਮੈਂਬਰਾਂ ਆਪੋ ਆਪਣੇ ਵਿਚਾਰਾਂ ਦਾ ਇਜ਼ਹਾਰ ਖੁਲ੍ਹ ਕੇ ਕੀਤਾ। ਇਕ ਗੱਲ ਜਿਸ ਤੇ ਸਮੁੱਚੀ ਸਭਾ ਸਹਿਮਤ ਸੀ ਉਹ ਇਹ ਕਿ ਇਸਤਰੀਆਂ ਤੇ ਜੋ ਹੋ ਰਹੇ ਮਰਦਾਂ ਵਲੋਂ ਅੱਤਿਆਚਾਰ ਅਤੇ ਜਬਰ ਦੀ ਸਾਹਿਤ ਸਭਾ ਭਰਪੂਰ ਨਿਖੇਧੀ ਕਰਦੀ ਹੈ। ਇਸ ਤਰ੍ਹਾਂ ਲੋਕਾਂ ਤੇ ਜੋ ਹੋ ਰਹੇ ਅੱਤਿਆਚਾਰ, ਜਬਰ ਅਤੇ ਜ਼ਿੱਲਤ ਨੂੰ ਮੁੱਖ ਰੱਖਦਿਆਂ ਸਭਾ ਨੇ ਇਕ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਕਿ ਸਭਾ ਦਾ ਹਰ ਇਕ ਮੈਂਬਰ ਅਜਿਹੀਆਂ ਵਹਿਸ਼ੀ, ਦਿਲ ਕੰਬਾਊ ਘਟਨਾਵਾਂ ਨੂੰ ਮੁੱਖ ਨਜ਼ਰ ਰੱਖਦਿਆਂ ਕੁੱਝ ਨਾ ਕੁੱਝ ਉਸਾਰੂ ਜ਼ਰੂਰ ਲਿਖੇ ਤਾਂ ਕਿ ਸਾਹਿਤ ਸਭਾ ਵਲੋਂ ਆਪਣੇ ਹਿਤ ਅਤੇ ਸਮਰੱਥਾ ਮੁਤਾਬਕ ਇਸ ਸਮਾਜਕ ਕੋਹੜ ਦੀ ਵਿਰੋਧੀ ਲਹਿਰ 'ਚ ਆਪਣਾ ਕੋਈ ਅਸਲੀ ਰੋਲ ਤੇ ਯੋਗਦਾਨ ਪਾਇਆ ਜਾ ਸਕੇ।

ਕੁਲਵੰਤ ਸੰਘਾ ਸਕੱਤਰ ਪੰਜਾਬੀ ਲਿਟਰੇਰੀ ਐਸੋਸੀਏਸ਼ਨ

ਰਿਪੋਰਟ:

# ਐਡਮੰਟਨ ਵਿਚ ਪੰਜਾਬੀ ਸੱਭਿਆਚਾਰਕ ਦਿਵਸ

ਸਾਟ ਸਿੰਘ
ਸਤੇਤ

ਸਤਾਈ ਜੂਨ 1981 ਨੂੰ ਐਡਮੰਟਨ ਵਿਚ U. of. A. ਦੇ SUB THEATRE ਵਿਚ ਪੰਜਾਬੀ ਕਲਚਰਲ ਐਸੋਸੀਏਸ਼ਨ ਐਡਮੰਟਨ ਵਲੋਂ ਗੀਤਾਂ, ਗਜ਼ਲਾਂ, ਕਵਿਤਾਵਾਂ, ਨਾਚ, ਗਿੱਧੇ ਅਤੇ ਭੰਗੜੇ ਸਮੇਤ ਇਕ ਰੰਗਾ-ਰੰਗ ਸਮਾਗਮ ਪੇਸ਼ ਕੀਤਾ ਗਿਆ। ਪੰਜਾਬੀ ਜ਼ੁਬਾਨ, ਸਾਹਿਤ, ਕਲਾ, ਵਿਰਸੇ ਅਤੇ ਸੱਭਿਆਚਾਰ ਨੂੰ ਡਾਵਾਂਡੋਲ ਹੁੰਦਾ ਮਹਿਸੂਸ ਕਰ ਕੇ ਪੰਜਾਬੀ ਨਾਲ ਸਨੇਹ ਰੱਖਣ ਵਾਲੇ ਕੁਝ ਸਾਹਿਤ ਪ੍ਰੇਮੀਆਂ ਦੀ ਪਹਿਲਕਦਮੀ ਵਜੋਂ ਜੁਲਾਈ 1979 ਵਿਚ ਪੰਜਾਬੀ ਸਾਹਿਤ ਸਭਾ ਹੋਂਦ ਵਿਚ ਆਈ। ਇਸ ਸਭਾ ਨੇ ਸਤੰਬਰ 1979 ਵਿਚ ਬੜੇ ਚਾਅ ਨਾਲ ਪੰਜਾਬੀ ਦੇ ਜਰਨੈਲ ਕਵੀ ਅਤੇ ਗਾਇਕ ਸੰਤ ਰਾਮ ਉਦਾਸੀ ਨੂੰ ਬੜੀ ਕਾਮਯਾਬੀ ਨਾਲ ਲੋਕਾਂ ਸਾਹਮਣੇ ਪੇਸ਼ ਕੀਤਾ।

ਸਾਹਿਤ ਦੇ ਨਾਲ ਨਾਲ ਖੇਡਾਂ, ਕਲਾ ਅਤੇ ਸੱਭਿਆਚਾਰ ਨੂੰ ਵੀ ਜਾਗਰਿਤ ਰੱਖਣ ਲਈ 1981 ਵਿਚ ਇਸ ਸਭਾ ਦਾ ਨਾਮ ਬਦਲ ਕੇ ਪੰਜਾਬੀ ਕਲਚਰਲ ਐਸੋਸੀਏਸ਼ਨ, ਐਡਮੰਟਨ ਰੱਖਿਆ ਗਿਆ। ਇਸ ਸਮਾਗਮ ਦਾ ਇਕ ਮਹੱਤਵਪੂਰਨ ਪਹਿਲੂ ਇਹ ਵੀ ਹੈ ਕਿ ਖੇਡਾਂ ਚੋਂ ਜੇਤੂ ਖਿਡਾਰੀਆਂ ਨੂੰ ਇਨਾਮ ਵੰਡਣ ਦੀ ਰਸਮ ਸ਼ਮੀਰ ਕੁਲਤ ਸਿੰਘ ਦੀ ਧਰਮਤਾ ਕੌਰ ਅਤੇ ਪ੍ਰਕਾਸ਼ ਕੌਰ ਨੇ ਆਪਣੇ ਕਰ-ਕਮਲਾਂ ਨਾਲ ਕੀਤੀ। ਉਤਰੀ ਅਮਰੀਕਾ ਅਤੇ ਇੰਗਲੈਂਡ ਵਰਗੇ ਪੂੰਜੀਵਾਦੀ ਮੁਲਕਾਂ ਵਿਚ ਬਹੁਤ ਸਾਰੇ ਮੁਨਾਫ਼ਾਖੋਰ ਦਲਾਲਾਂ ਦੀ ਮਿਲੀ ਭੁਗਤ ਨਾਲ ਹਿੰਦੋਸਤਾਨ ਤੋਂ ਸਥਾਪਤ ਪੇਸ਼ਾਵਰ ਕਲਾਕਾਰਾਂ ਨੂੰ ਏਥੇ ਬੁਲਾ ਕੇ ਅਤੇ 15-20 ਡਾਲਰ ਦੀਆਂ ਟਿਕਟਾਂ ਲਾ ਕੇ ਕਿਸੇ ਉਦੇਸ਼ ਅਤੇ ਸੇਧ ਭਾਵ ਤੋਂ ਬਿਨਾ ਲੋਕਾਂ ਸਾਹਮਣੇ ਪੇਸ਼ ਕੀਤਾ ਜਾਂਦਾ ਹੈ। ਅਜੇਹੇ ਪ੍ਰੋਗਰਾਮਾਂ ਵਿਚ ਜਨ-ਸਾਧਾਰਨ ਦੀ ਸ਼ਮੂਲੀਅਤ ਨਾ ਹੋਣ ਕਰਕੇ ਅਤੇ ਉਹਨਾਂ ਦੇ ਵਧਾਏ ਯੋਗਦਾਨ ਦੀ ਅਣਹੋਂਦ ਕਰਕੇ ਉਨ੍ਹਾਂ ਦਾ ਰੁਝਾਨ ਆਮ ਤੌਰ ਤੇ ਨਿਰਾਸ਼ਾਜਨਕ ਹੀ ਹੁੰਦਾ ਹੈ ਕਿਉਂਕਿ ਏਸ ਤਰਾਂ ਨਾਲ ਉਹਨਾਂ ਦੇ ਅੰਦਰਲੇ ਕਲਾਕਾਰ ਨੂੰ ਜਾਗਰਤੀ ਨਹੀਂ ਮਿਲਦੀ। ਅਜੇਹੇ ਸਮਾਗਮਾਂ ਵਿਚ ਆਮ ਤੌਰ ਤੇ ਅਸ਼ਲੀਲਤਾ ਏਨੀ ਹੁੰਦੀ ਹੈ ਕਿ ਆਮ ਮਨੁੱਖ ਦਾ ਪਰਿਵਾਰ ਸਮੇਤ ਬੈਠ ਕੇ ਪ੍ਰੋਗਰਾਮ ਦੇਖਣਾ ਉਚਿਤ ਨਹੀਂ ਹੁੰਦਾ। ਇਸ ਲੁੱਟ ਖਸੁੱਟ ਅਤੇ ਅਸ਼ਲੀਲਤਾ ਵਿਰੁੱਧ ਇਸ ਸਭਾ ਦੀ ਇਹ ਪਹਿਲਕਦਮੀ ਹੈ ਕਿ ਅਲਬਰਟਾ ਸੂਬੇ ਦੇ ਅਣਗੌਲੇ ਹੁਨਰ ਨੂੰ ਸਾਂਝੇ ਯਤਨਾਂ ਨਾਲ ਆਮ ਲੋਕਾਂ ਦੇ ਸਾਹਮਣੇ ਪੇਸ਼ ਕੀਤਾ।

ਜਿਵੇਂ ਕਿ 'ਘਰ ਦਾ ਜੋਗੀ ਜੋਗੜਾ' ਵਾਲੀ ਗੱਲ ਹੁੰਦੀ ਹੈ, ਜਦੋਂ ਕੇਵਲ ਦੋ ਡਾਲਰ ਟਿਕਟ ਰੱਖ ਕੇ ਅਲਬਰਟਾ ਵਿਚ ਵਸਦੇ ਹੋਣਹਾਰ ਕਲਾਕਾਰਾਂ ਨੂੰ ਸਾਂਝੀ ਸਟੇਜ ਤੇ ਪੇਸ਼ ਕੀਤਾ ਤਾਂ ਦਰਸ਼ਕ ਅਸ਼ ਅਸ਼ ਕਰ ਉਠੇ। ਸੱਤ ਸੌ ਸੀਟਾਂ ਵਾਲੇ ਥੀਏਟਰ ਵਿਚ ਹਜ਼ਾਰ ਦੇ ਲਗਭਗ ਲੋਕਾਂ ਦਾ ਇਕੱਠੇ ਹੋਕੇ ਪ੍ਰੋਗਰਾਮ ਸੁਣਨਾ ਇਸ ਸਮਾਗਮ ਦੀ ਕਾਮਯਾਬੀ ਦੀ ਮੂੰਹੋਂ ਬੋਲਦੀ ਤਸਵੀਰ ਹੈ। ਇਹ ਪ੍ਰੋਗਰਾਮ ਕਿਤਨਾ ਰੋਚਕ ਅਤੇ ਉਤਸ਼ਾਹ ਹੀ ਸੀ ਜਿਸ ਕਰਕੇ ਕਈ ਲੋਕਾਂ ਨੇ ਸੀਟਾਂ ਦੀ ਘਾਟ ਕਾਰਨ ਸਾਰਾ ਸਮਾਂ ਫਰਸ਼ ਤੇ ਬੈਠ ਕੇ ਜਾਂ ਖੜੇ ਕੇ ਇਸ ਪ੍ਰੋਗਰਾਮ ਦਾ ਰਸ ਮਾਣਿਆਂ। "ਅਜੇਹਾ ਪ੍ਰੋਗਰਾਮ ਪਹਿਲਾਂ ਕਦੇ ਵੀ ਇਸ ਸ਼ਹਿਰ ਵਿਚ ਪੇਸ਼ ਨਹੀਂ ਕੀਤਾ ਗਿਆ।" ਪ੍ਰੋਗਰਾਮ ਵੇਖਣ ਵਾਲੇ ਹਰੇਕ ਦੀ ਜ਼ੁਬਾਨ 'ਤੇ ਇਹ ਬੋਲ ਸਨ।

ਕੈਲਗਰੀ ਤੋਂ ਆਈ ਭੰਗੜੇ ਦੀ ਟੋਲੀ, ਐਡਮੰਟਨ ਦੀਆਂ ਗਿੱਧੇ ਦੀਆਂ ਦੋ ਟੋਲੀਆਂ ਅਤੇ ਲੇਕਲਾਬ ਤੋਂ ਇਲਾਵਾ ਅਲਬਰਟਾ ਦੇ ਵੱਖ ਵੱਖ ਸ਼ਹਿਰਾਂ ਤੋਂ ਆਏ ਕੋਈ 20 ਕਲਾਕਾਰਾਂ ਨੇ ਇਸ ਸਮਾਗਮ ਵਿਚ ਭਾਗ ਲਿਆ। ਸਭਾ ਦੀ ਕੋਸ਼ਿਸ਼ ਸੀ ਕਿ ਸਮਾਗਮ ਵਿਚ ਸਿਰਫ ਸਿਰਜਣਾਤਮਕ, ਰੋਚਕ ਅਤੇ ਦਿਲਚਸਪ ਰਚਨਾਵਾਂ ਹੀ ਪੇਸ਼ ਕੀਤੀਆਂ ਜਾਣ, ਜਿਸ ਵਜ੍ਹਾ ਕਰਕੇ ਕੁਝ ਕਲਾਕਾਰਾਂ ਨੂੰ ਨਾਰਾਜ਼ ਵੀ ਕਰਨਾ ਪਿਆ।

ਵੰਨਗੀ ਵਜੋਂ ਇਸ ਸਮਾਗਮ ਦੀਆਂ ਕੁਝ ਟੁਕੜੀਆਂ ਇਸ ਤਰਾਂ ਹਨ-

"ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ"

"ਮੈਂ ਵਿੱਚ ਤਲਵਾਰ ਦੀ ਗਾਨੀ ਅੱਜ ਆਪਣੇ ਗੀਤਾਂ ਨਾਲ ਪਾਵਾਂ।"

"ਘਸਦੇ ਹੱਥਾਂ ਨੇ ਜਿਹੜੇ ਹਰਫ਼ ਨੇ ਲਿਖੇ, ਹਰਫ਼ ਉਹੀ ਅਮਰ ਲਿਖੇ ਜਾਣਗੇ।"

"ਜੋ ਰਤ ਪਈ ਸੌਂ ਜਾਂਦਾ ਏ, ਉਹ ਪੰਧ ਲਮੇਰਾ ਕੀ ਜਾਣੇ।"

"ਜਿਨ੍ਹਾਂ ਵੰਡੇ ਮੀਨਾਰੇ ਨੇ ਰੂਪ ਤੇ ਜਵਾਨੀ ਮੇਰੀ, ਉਹਨਾਂ ਦੇ ਢੁੱਠੇ ਦਰਵਾਜ਼ੇ।"

"ਚੰਦੇ ਦੀਏ ਚੋਟ ਕਸੀਦੇ ਤੈਨੂੰ ਕਿਹੜੇ ਵੇਲੇ ਰੱਬ ਨੇ ਬਣਾਇਆ।"

"ਮੈਨੂੰ ਤੇਰਾ ਸ਼ਬਾਬ ਲੈ ਬੈਠਾ, ਰੰਗ ਗੋਰਾ ਗੁਲਾਬ ਲੈ ਬੈਠਾ।"

ਪੰਜਾਬੀ ਸੱਭਿਆਚਾਰ ਦੇ ਅਟੁੱਟ ਅਤੇ ਜੋਸ਼ਭਰੇ ਅੰਗ ਭੰਗੜੇ ਦੀ ਟੋਲੀ ਦੇ ਨਾਚ ਨੂੰ ਜਨ-ਸਮੂਹ ਨੇ ਬਹੁਤ ਪਸੰਦ ਕੀਤਾ। ਥੋੜੇ ਸਮੇਂ ਦੀ ਸੂਚਨਾ 'ਤੇ ਕਾਹਲ ਵਿਚ ਸਮੂਹਿਕ ਯਤਨਾਂ ਨਾਲ ਤਿਆਰ ਕੀਤਾ ਗਿੱਧਾ ਕੁਝ ਊਣਤਾਈਆਂ ਦੇ ਬਾਵਜੂਦ ਵੀ ਆਪਣੇ ਆਪ ਵਿਚ ਇਕ ਵਧੀਆ ਪੇਸ਼ਕਸ਼ ਸੀ। ਛੋਟੀਆਂ ਬੱਚੀਆਂ ਵੱਲੋਂ 'ਗਿੱਧਿਆਂ ਦੀ ਰਾਣੀਏ ਨੀ ਗਿੱਧੇ ਵਿਚ ਆ' ਦੀ ਬੋਲੀ ਉਪਰ ਕੀਤਾ ਗਿਆ ਨਾਚ ਸਰੋਤਿਆਂ ਵੱਲੋਂ ਬਹੁਤ ਸਲਾਹਿਆ ਗਿਆ।

ਪੰਜਾਬੀ ਕਲਚਰਲ ਐਸੋਸੀਏਸ਼ਨ ਵੱਲੋਂ ਪੇਸ਼ ਕੀਤੇ ਇਸ ਪ੍ਰੋਗਰਾਮ ਵਿਚ ਕੁਝ ਤਰੁੱਟੀਆਂ ਰਹਿ ਗਈਆਂ ਸਨ। ਜਨ-ਸਮੂਹ ਦੇ ਹਾਂ-ਪੱਖੀ ਅਤੇ ਸਾਰਥਕ ਉਤਸ਼ਾਹ ਭਰੇ ਹੁੰਗਾਰੇ ਨਾਲ ਅਤੇ ਕਲਾਕਾਰਾਂ ਦੀ ਮਦਦ ਨਾਲ ਇਸ ਸਭਾ ਵੱਲੋਂ ਨੇੜੇ ਦੇ ਭਵਿੱਖ ਵਿਚ ਹੋਰ ਵੀ ਵੱਧ ਸਿਰਜਣਾਤਮਕ ਅਤੇ ਦਿਲਚਸਪ ਸਮਾਗਮਾਂ ਦੀ ਆਸ ਕੀਤੀ ਜਾ ਸਕਦੀ ਹੈ।

o

# ਇੰਡੀਆ ਮਹਿਲਾ ਐਸੋਸੀਏਸ਼ਨ - ਇਕ ਰਿਪੋਰਟ

ਸਾਧੂ

ਵੈਨਕੂਵਰ ਦੀ ਇੰਡੀਆ ਮਹਿਲਾ ਐਸੋਸੀਏਸ਼ਨ ਵਲੋਂ ਭਾਰਤੀ ਔਰਤਾਂ ਵਿਰੁੱਧ ਹੁੰਦੇ ਤਸ਼ੱਦਦ ਬਾਰੇ ਗੱਲਬਾਤ ਕਰਨ ਲਈ ਇਕ ਮੀਟਿੰਗ 7 ਅਗਸਤ ਨੂੰ ਸੱਦੀ ਗਈ। ਇਸ ਵਿਚ ਮਹਿਲਾ ਐਸੋਸੀਏਸ਼ਨ ਦੇ ਮੈਂਬਰਾਂ ਦੇ ਨਾਲ ਨਾਲ ਹੋਰ ਸੰਸਥਾਵਾਂ ਦੇ ਨੁਮਾਇੰਦਿਆਂ ਆਪਣੇ ਵਿਚਾਰ ਪੇਸ਼ ਕੀਤੇ। ਮਹਿਲਾ ਐਸੋਸੀਏਸ਼ਨ ਵਲੋਂ ਇਹ ਸੁਝਾਅ ਰੱਖਿਆ ਗਿਆ ਕਿ ਔਰਤਾਂ ਵਿਰੁੱਧ ਹੁੰਦੀਆਂ ਵਧੀਕੀਆਂ ਨੂੰ ਰੋਕਣ ਲਈ ਇਕ ਕਾਰਜਸ਼ੀਲ ਕਮੇਟੀ ਸਥਾਪਿਤ ਕੀਤੀ ਜਾਵੇ। ਇਹ ਕਮੇਟੀ ਹੋਰ ਸੰਸਥਾਵਾਂ ਦੇ ਮਿਲਵਰਤਣ ਨਾਲ ਮੀਡੀਏ ਦੀ ਵਰਤੋਂ ਕਰਕੇ -ਔਰਤਾਂ ਵਿਰੁੱਧ ਹੁੰਦੇ ਅਤਿਆਚਾਰਾਂ ਵਿਰੁੱਧ ਆਵਾਜ਼ ਬੁਲੰਦ ਕਰੇ। ਐਸੋਸੀਏਸ਼ਨ ਦਾ ਸੁਨੇਹਾ ਪੰਜਾਬੀ ਤੇ ਅੰਗਰੇਜ਼ੀ ਵਿਚ ਹਰਮਿੰਦਰ ਸੰਧੂ ਤੇ ਰਮਿੰਦਰ ਦੋਸਾਂਝ ਵਲੋਂ ਸਰੋਤਿਆਂ ਤੱਕ ਪਹੁੰਚਾਇਆ ਗਿਆ

ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦੇ ਪ੍ਰਧਾਨ ਰਾਜ ਚੌਹਾਨ ਨੇ ਆਪਣੀ ਗੱਲਬਾਤ ਦੌਰਾਨ ਕਿਹਾ ਕਿ ਸਾਡੀ ਕਮਿਊਨਿਟੀ ਲਈ ਇਹ ਬਹੁਤ ਗੰਭੀਰ ਮਸਲਾ ਹੈ। ਫਾਰਮਾਂ ਵਿਚ ਕੰਮ ਕਰਨ ਵਾਲੀਆਂ ਬਹੁਤੀਆਂ ਔਰਤਾਂ ਹੀ ਹਨ ਇਸ ਕਰਕੇ ਇਸ ਮਸਲੇ ਬਾਰੇ ਸਾਨੂੰ ਵੀ ਅਕਸਰ ਜਾਣਕਾਰੀ ਮਿਲਦੀ ਰਹਿੰਦੀ ਹੈ। ਉਸ ਨੇ ਕਿਹਾ ਕਿ ਸਾਡੇ ਧਾਰਮਿਕ ਸੰਸਕਾਰ ਤੇ ਰਸਮ ਰਿਵਾਜ ਵੀ ਔਰਤਾਂ ਦੀ ਤਰਸਯੋਗ ਹਾਲਤ ਲਈ ਕਾਫੀ ਹੱਦ ਤੱਕ ਜ਼ਿੰਮੇਵਾਰ ਹਨ।

ਇੰਡੋ ਇਸਟ ਪ੍ਰੋਗਰ ਦੀ ਨੁਮਾਇੰਦਾ ਮਧੂ ਵਾਰਸ਼ਨੀ ਦਾ ਵਿਚਾਰ ਸੀ ਕਿ ਸਾਡੀ ਇਸ ਜਦੋ-ਜਹਿਦ ਵਿਚ ਧਾਰਮਿਕ ਅਦਾਰੇ ਵੀ ਬਹੁਤ ਵੱਡਾ ਹਿੱਸਾ ਪਾ ਸਕਦੇ ਹਨ। ਉਹਨਾਂ ਦਾ ਸੁਝਾਅ ਸੀ ਕਿ ਜੇ ਧਾਰਮਿਕ ਭਾਸ਼ਣਾਂ ਵੇਲੇ ਇਹ ਮਸਲਾ ਛੋਹ ਤਾਂ ਉਹ ਇੱਸੇ ਵੱਲ ਸਾਰੇ ਕੰਮ ਨਹੀਂ ਕਰਨਗੇ।

ਐਬਟਸਫੋਰਡ ਤੋਂ B.C.O.F.R. ਦੀ ਨੁਮਾਇੰਦਾ ਹਰਬੰਸ ਨੇ ਇਸ ਗੱਲ ਵੱਲ ਧਿਆਨ ਦੁਆਇਆ ਕਿ ਸਾਡੀਆਂ ਔਰਤਾਂ ਨੂੰ ਸਿਰਫ ਆਪਣੇ ਪਤੀ ਦੇ ਤਸ਼ੱਦਦ ਦਾ ਹੀ ਸਾਹਮਣਾ ਨਹੀਂ ਕਰਨਾ ਪੈਂਦਾ ਸਗੋਂ ਪਤੀ ਦੇ ਸਾਰੇ ਪਰਿਵਾਰ ਦੀਆਂ ਵਧੀਕੀਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ। ਉਹਨੇ ਦੱਸਿਆ ਕਿ ਸਾਡੇ ਘਰਾਂ ਵਿਚ ਭਾਰਤ ਦੀ ਖੇਡ ਖੇਡੀ ਜਾਂਦੀ ਹੈ ਤੇ ਭਾਰਤ ਦਾ ਸੰਬੰਧ ਪੈਸੇ ਨਾਲ ਤੁਲਦਾ ਹੈ। ਇਸ ਕਰਕੇ ਬਹੁਤੀਆਂ ਨਵ-ਵਿਆਹੀਆਂ ਕੋਲੋਂ ਉਹਨਾਂ ਦੇ ਮਿਹਨਤ ਨਾਲ ਕਮਾਏ ਹੋਏ ਡਾਲਰ ਵੀ ਲੈ ਲਏ ਜਾਂਦੇ ਹਨ। ਉਹਨੇ ਕਿਹਾ ਕਿ ਜੇ ਸਾਡੇ ਮਰਦ ਔਰਤਾਂ ਨੂੰ ਕੁੱਟਦੇ ਹਨ ਤਾਂ ਉਹ ਇਹ ਕੰਮ ਇਸ ਯਕੀਨ ਨਾਲ ਕਰਦੇ ਹਨ ਕਿ ਉਹਨਾਂ ਨੇ ਔਰਤਾਂ ਨੂੰ ਕੁੱਟ ਕੇ ਠੀਕ ਹੀ ਕੀਤਾ ਹੈ, ਕਿਉਂਕਿ ਉਹਨਾਂ ਮੁਤਾਬਕ "ਔਰਤ ਲਾਇਕ ਹੀ ਇਸਦੇ ਹੈ"। ਉਹਨਾਂ ਦਾ ਇਹ ਭੁਲੇਖਾ ਅੱਗੇ ਲਈ ਵੀ ਉਹਨਾਂ ਦੀਆਂ ਅਜਿਹੀਆਂ ਹਰਕਤਾਂ ਦਾ ਬਹਾਨਾ ਬਣਦਾ ਹੈ।

ਸੁਰਜੀਤ ਕਲਸੀ ਨੇ ਕਿਸੇ ਸੰਸਥਾ ਵਲੋਂ ਨਹੀਂ ਸਗੋਂ ਵਿਅਕਤੀਗਤ ਤੌਰ ਤੇ ਵਿਚਾਰ ਪੇਸ਼ ਕੀਤੇ। ਉਹਨੇ ਆਪਣੀ ਗੱਲਬਾਤ ਆਪਣੀਆਂ ਕਵਿਤਾਵਾਂ ਤੇ ਅਧਾਰਿਤ ਕੀਤੀ ਅਤੇ ਕਿਹਾ ਕਿ ਅੱਜ ਦੀ ਔਰਤ ਚੇਤੰਨ ਹੈ ਅਤੇ ਆਪਣੇ ਹੱਕਾਂ ਲਈ ਸੰਘਰਸ਼ ਕਰਨਾ ਜਾਣਦੀ ਹੈ। ਆਪਣੀ ਗੱਲਬਾਤ ਦੀ ਪੁਸ਼ਟੀ ਲਈ ਉਹਨਾਂ ਆਪਣੀਆਂ ਨਜ਼ਮਾਂ ਦੇ ਟੁੱਕੜ ਇੱਥੇ ਪੜ੍ਹੇ।

ਪ੍ਰੋ: ਹਰੀ ਸ਼ਰਮਾ ਨੇ ਇਪਾਨਾ ਵਲੋਂ ਬੈਠਿਆਂ ਮਹਿਲਾ ਐਸੋਸੀਏਸ਼ਨ ਦੀਆਂ ਕੋਸ਼ਿਸ਼ਾਂ ਨੂੰ ਸਲਾਹਿਆ। ਉਹਨਾਂ ਸੁਝਾਅ ਦਿੱਤਾ ਕਿ ਔਰਤਾਂ ਨੂੰ ਦਰਪੇਸ਼ ਆਉਂਦੇ ਮਸਲਿਆਂ ਨੂੰ ਠੋਸ ਰੂਪ ਵਿਚ ਹੱਥ ਪਾਉਣਾ ਚਾਹੀਦਾ ਹੈ। ਉਹਨਾਂ ਨੇ ਅਮਰਜੀਤ ਕੌਰ ਸੰਧੂ ਦੇ ਇਮੀਗ੍ਰੇਸ਼ਨ ਦੇ ਕੰਮ ਦੀ ਉਦਾਹਰਣ ਦਿੰਦਿਆਂ ਕਿਹਾ ਕਿ ਸਾਨੂੰ ਇਹੋ ਜਿਹੇ ਲੋਕਾਂ ਨੂੰ ਆਪਣੀ ਜਦੋ-ਜਹਿਦ ਦਾ ਆਧਾਰ ਬਣਾਉਣਾ ਚਾਹੀਦਾ ਹੈ।

ਇਸ ਤੋਂ ਬਿਨਾਂ ਕਰਤਾਰ ਸਿੰਘ ਢੰਸ ਸਿੱਖ ਸੇਵਕ ਦਲ ਤੇ ਈਸਟ ਇੰਡੀਅਨ ਵੈਲਫੇਅਰ ਐਸੋਸੀਏਸ਼ਨ ਵਲੋਂ ਬੋਲੇ। ਅਜੀਤ ਸਿੰਘ ਅਣਖੀ ਇੰਡੀਅਨ ਵਰਕਰਜ਼ ਐਸੋਸੀਏਸ਼ਨ ਵਲੋਂ ਬੋਲੇ। ਸਥਾਨਕ ਗੁਰਦੁਆਰਿਆਂ ਵਿਚੋਂ ਦੋ ਦੇ ਨੁਮਾਇੰਦਿਆਂ ਨੇ ਵੀ ਮੀਟਿੰਗ ਵਿਚ ਹਿੱਸਾ ਲਿਆ।

ਇੰਡੀਆ ਮਹਿਲਾ ਐਸੋਸੀਏਸ਼ਨ ਵਲੋਂ ਇਹ ਇਸ ਕਿਸਮ ਦਾ ਦੂਜਾ ਹੰਭਲਾ ਸੀ। ਪਹਿਲੀ ਮੀਟਿੰਗ ਇਸੇ ਸਾਲ ਦੇ ਮਾਰਚ ਵਿਚ ਕੀਤੀ ਗਈ ਸੀ ਜਿਸ ਵਿਚ ਭਾਰਤੀ ਔਰਤਾਂ ਨੂੰ ਆ ਰਹੀਆਂ ਦਰਪੇਸ਼ ਮੁਸ਼ਕਲਾਂ ਬਾਰੇ ਖੁੱਲ੍ਹੀ ਗੰਭੀਰ ਗੱਲਬਾਤ ਹੋਈ ਸੀ। ਹੁਣ ਵਾਲੀ ਮੀਟਿੰਗ ਵਿਚ ਕਮਿਊਨਿਟੀ ਦੀਆਂ ਹੋਰ ਸੰਸਥਾਵਾਂ ਨੂੰ ਔਰਤਾਂ ਵਿਰੁੱਧ ਹੁੰਦੇ ਤਸ਼ੱਦਦ ਬਾਰੇ ਗੱਲਬਾਤ ਕਰਨ ਲਈ ਸੱਦਣ ਦੀ ਪਹਿਲ ਕਰਨ ਤੋਂ ਲਗਦਾ ਹੈ ਕਿ ਇੰਡੀਆ ਮਹਿਲਾ ਐਸੋਸੀਏਸ਼ਨ ਕਮਿਊਨਿਟੀ ਦੇ ਨਾਜ਼ੁਕ ਮਸਲਿਆਂ ਬਾਰੇ ਪੂਰੀ ਤਰ੍ਹਾਂ ਗੰਭੀਰ ਹੋ ਰਹੀ ਹੈ। ਮਹਿਲਾ ਐਸੋਸੀਏਸ਼ਨ ਦੇ ਏਸ ਪਾਸੇ ਵਧੇ ਕਦਮਾਂ ਦੀ ਹੌਸਲਾ ਅਫਜ਼ਾਈ ਹੋਣੀ ਚਾਹੀਦੀ ਹੈ।

# Goyal Import-Export Ltd

4156 Fraser St., Vancouver, B.C. V5V 4E8
(604)873-8308




## TOSHIBA

TOSHIBA'S 1981 model
V-8000 Video Machine
remote-control, picture-search,
touch-button etc.
at unbelievable low price
Our Low Prices on

**VIDEOS & TVs**


SH. RAJINDER GOYAL

WE RENT, EXCHANGE AND SELL VIDEO MOVIES AT LOW PRICES

**PANASONIC'S 1981**
**PORTABLE VIDEO REC.**
(SP/LP/SLP, Soft touch, remote control, picture-search)
at a very special price

RELEASED:-
JAT KUDIAN TON DARDA, PAANCH QUAIDI, DHANWAN, HARJAEE, CHORNI, GHAMANDI, KAARAN, GUMNAAM, DAASI, WOH KAUN THI , SITARA, HUM SE BADHKAR KAUN etc.

# Goyal Travels Inc.

4152 Fraser Street, Vancouver, B.C., Canada V5V 4E8
PH: (604) 872-7658

Cheapest Fares to:
**FIJI—INDIA—PAKISTAN—**
**—COLOMBO—NEPAL**

IATA

## THINKING OF TRAVEL?

WE CAN SAVE YOU
**TIME—TROUBLE—MONEY**

ASSOCIATED OFFICES IN INDIA:
- Court Road, Moga, Distt. Faridkot Phone 2798
- Court Road, Jagraon, Distt. Ludhiana Phone 252


ਪੰਜਾਬੀ ਲਿਟਰੇਰੀ ਐਸੋਸੀਏਸ਼ਨ :- ਵਲੋਂ

# ਕਵੀ ਦਰਬਾਰ

ਜਿਸ ਵਿਚ ਵੈਨਕੂਵਰ ਵਿਚ ਰਹਿ ਰਹੇ ਪੰਜਾਬੀ ਦੇ ਕਵੀ ਆਪਣੀਆਂ ਕਵਿਤਾਵਾਂ ਪੇਸ਼ ਕਰਨਗੇ।

ਬਾਅਦ ਵਿਚ ਪੰਜਾਬ ਕਲਚਰਲ ਐਸੋਸੀਏਸ਼ਨ ਦੇ ਬੱਚਿਆਂ ਵਲੋਂ ਭੰਗੜਾ ਪਾਇਆ ਜਾਏਗਾ।

ਕਵੀ ਦਰਬਾਰ ਵਿਚ ਹਿੱਸਾ ਲੈਣ ਦੇ ਚਾਹਵਾਨ ਪੰਦਰਾਂ ਸਤੰਬਰ ਤੱਕ ਆਪਣੇ ਨਾਂ ਤੇ ਰਚਨਾਵਾਂ ਪਹੁੰਚਦੀਆਂ ਕਰ ਦੇਣ। ਰਚਨਾਵਾਂ ਭੇਜਣ ਲਈ ਅਤੇ ਹੋਰ ਜਾਣਕਾਰੀ ਲਈ ਫੋਨ ਕਰੋ।—

ਜਰਨੈਲ ਸਿੰਘ 321 - 5254

ADMISSION : 1 ਡਾਲਰ.

ਕੁਲਵੰਤ [illegible] 594 - 3734

ਪੰਜਾਬੀ ਦਾ ਸਾਹਿੱਤਕ ਤੇ ਸੱਭਿਆਚਾਰਕ ਦੋ ਮਾਸਕ ਪੱਤਰ

**WATNO DUR**
P.O. BOX 67681 STN. "O"
VANCOUVER, B.C. V5W 3V2
Second class mail Reg. No. 3233

TO


# FRONTIER CLOTH HOUSE LTD.

**6695 MAIN STREET VANCOUVER, B.C.**

**THE KING OF SAREE**

**Tel.: 325-3515**

**Tel.: 325-4424**

*New*

# JAPAN SAREE CENTRE




*6672 Main St. At 51st. Vancouver*
*PH: 325-3515*




## ਹੁਣ ਅਸੀਂ ਤੁਹਾਡੀ ਸਹੂਲਤ ਲਈ ਫਰੰਟੀਅਰ ਬਿਲਡਿੰਗ ਦੀ ਦੂਸਰੀ ਮੰਜ਼ਿਲ ਤੇ ਆਪਣਾ ਪੜਦਿਆਂ ਦਾ ਸ਼ੋਅ ਰੂਮ ਖਲ੍ਹ ਲਿਆ ਹੈ

## *FRONTIER DRAPERY SHOWROOM*

*On 2nd floor of Frontier Bldg.*

## *SHOP FRONTIER TO GET BEST VALUE OF YOUR DOLLAR*


WATNO DUR (Far from the Motherland) is a literary and cultural bi-monthly of PANJABI – the mother-tongue of East Panjab (India) and West Panjab (Pakistan) – published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.

**WATNO DUR**
P.O. BOX 67681 STN. "O"
VANCOUVER, B.C.
V5W 3V2